ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥

DEC 1987




ਦਸੰਬਰ ੧੯੮੭

ਅਖੰਡ ਕੀਰਤਨੀ ਜਥਿਆਂ ਵਲੋਂ ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ
ਲੁਧਿਆਣਾ ਵਿਖੇ ੨੪ ਤੋਂ ੨੭ ਦਸੰਬਰ ਸਵੇਰ ਤਕ ਮਨਾਇਆ ਜਾ ਰਿਹਾ ਹੈ।

www.AKJ.Org

# ਤ ਤ ਕ ਰ ਾ


| | | |
|---|---|---|
| ਕਹਿਓ ਪ੍ਰਭੁ ਸੁ ਭਾਖਿ ਹੋਂ | ੩ | ਪਾਤਿਸ਼ਾਹੀ ੧੦, ਬਚਿਤ੍ਰ ਨਾਟਕ |
| ਕਲਗੀਧਰ ਸਤਿਗੁਰੂ ਕਿਨ੍ਹਾਂ ਦਾ ਸਹਾਈ ਹੁੰਦਾ ਹੈ ? | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਜੋਤਿ ਦੀ ਝਲਕ | ੬ | ,, ,, ,, |
| ਏਕ ਰਤੀ ਬਿਨੁ ਏਕ ਰਤੀ ਕੇ (ਵਿਆਖਿਆ) | ੭ | ,, ,, ,, |
| ਤ੍ਰੁੱਠੇ ਕਲਗੀਧਰ ਬਖ਼ਸ਼ੰਦ (ਬਾਰਾਂ ਮਾਹਾ) | ੮ | ,, ,, ,, |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਤਮ-ਸਮਾਧੀ | ੯ | ਡਾਕਟਰ ਤਾਰਨ ਸਿੰਘ ਜੀ |
| ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ | ੧੩ | ਸ: ਸਵਰਨ ਸਿੰਘ ਜੀ |
| ਸਰਹੰਦ ਦੀ ਦੀਵਾਰ (ਕਵਿਤਾ) | ੧੭ | ਸ: ਉਜਾਗਰ ਸਿੰਘ ਜੀ ਉਲਫ਼ਤ |
| ਸ਼ੇਰ ਦੇ ਬੱਚੇ | ੧੮ | ਪ੍ਰੋਫ਼ੈਸਰ ਪਿਆਰਾ ਸਿੰਘ ਜੀ ਪਦਮ |
| ਹਰਿ ਦੀਬਾਣਹੁ ਕੋਈ ਕਿਥੈ ਜਾਇਆ ? | ੨੦ | ਐਡੀਟਰ, ਗੁਰਦੁਆਰਾ ਗਜ਼ਟ |
| ਦੋ ਕਵਿਤਾਵਾਂ—ਦਸਮੇਸ਼ ਜੀ | ੨੪ | ਗਿਆਨੀ ਗੋਪਾਲ ਸਿੰਘ ਜੀ ਮਿੱਤਰ |
| ਗੁਰਸਿਖੀ ਦੀ ਏਹ ਨੀਸਾਣੀ | ੨੫ | ਸ: ਨਰੈਣ ਸਿੰਘ ਜੀ ਐਮ. ਏ. |
| ਵਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ (ਕਵਿਤਾ) | ੨੮ | ਸ: ਅਤਰ ਸਿੰਘ ਜੀ ਨੀਰ |
| ਦੇਖ ਕੇ ਅਣਡਿਠ ਕਰਨਾ | ੩੦ | ਪ੍ਰੋ: ਗੁਰਮੁਖ ਸਿੰਘ ਜੀ |
| ਸਰਬ ਰੋਗ ਕਾ ਅਉਖਦੁ ਨਾਮੁ | ੩੨ | ਸ: ਹਰਦਿਆਲ ਸਿੰਘ ਜੀ.ਆਈ.ਏ.ਐਸ. |
| ਅਨੰਦੁ ਭਇਆ ਮੇਰੀ ਮਾਏ | ੩੫ | ਸ: ਪਰਵਿੰਦਰ ਸਿੰਘ ਖਾਲਸਾ |
| ਦੋ ਰੁਬਾਈਆਂ | ੩੮ | ਸ: ਤੇਗ ਬਹਾਦਰ ਸਿੰਘ ਤੇਗ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰਿਆ ੨੬ ਦਸੰਬਰ

ਸ਼ਹੀਦੀ ਵਡੇ ਸਾਹਿਬਜ਼ਾਦੇ (ਚਮਕੌਰ) ੨੨ ਦਸੰਬਰ    ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹੰਦ) ੨੭ ਦਸੰਬਰ

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਗੁਪਤ ਦਾਨ | ਸੂਰਾ ਦੀ ਚੜ੍ਹਦੀ ਕਲਾ ਲਈ | ੪੦-੦੦ |
| ਪ੍ਰਵਾਰ ਭਾਈ ਪੂਰਨ ਸਿੰਘ, ਬਲਾ | ਭਾ: ਪੂਰਨ ਸਿੰਘ ਜੀ ਦੀ ਯਾਦ ਵਿਚ | ੨੧-੦੦ |
| ਭਾ: ਪ੍ਰਭਜੋਤ ਸਿੰਘ ਦਿਆਲਪੁਰ | ਸੂਰਾ ਦੀ ਚੜ੍ਹਦੀ ਕਲਾ ਲਈ | ੫੩-੦੦ |
| ਸ: ਉਜਾਗਰ ਸਿੰਘ ਜਲੰਧਰ | ,, ,, ,, | ੩੫-੦੦ |
| ਭਾ: ਪਰਮਜੀਤ ਸਿੰਘ ਹੁਸ਼ਿਆਰਪੁਰ | ,, ,, ,, | ੧੧-੦੦ |
| ਭਾ: ਜਾਗੀਰ ਸਿੰਘ ਫਗਵਾੜਾ | ,, ,, ,, | ੧੦-੦੦ |
| ਸ: ਇਕਬਾਲ ਸਿੰਘ, ਸੁਖਦੇਵ ਸਿੰਘ, ਭੂਪਿੰਦਰ ਸਿੰਘ, ਆਬੂ ਧਾਬੀ | ,, ,, ,, | ੨੬੫-੦੦ |
| ਬੀਬੀ ਦਿਆਲ ਕੌਰ ਬਿਸਤੂਪੁਰ ਜਮਸ਼ੇਦਪੁਰ | ,, ,, ,, | ੨੫-੦੦ |
| ਸ: ਕਿਰਪਾਲ ਸਿੰਘ, ਕਾਨਪੁਰ | ਭੁਜੰਗੀ ਦੇ ਅਨੰਦ ਦੀ ਖੁਸ਼ੀ ਵਿਚ | ੫੧-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੧੨-੮੭ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847    ਘਰ 43094



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

ਦੇਸ ੧੫-੦੦

ਇਕ ਪਰਚਾ ੧-੫੦

ਪਰਦੇਸ (ਸਾਰੇ ਦੇਸ)

ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦

ਹਵਾਈ ਡਾਕ ੧੦੦-੦੦

Foreign Subscription

Sea Mail 40-00

Air Mail 100-00

ਅਮਾਨਤੀ

ਲਾਈਫ਼ ਮੈਂਬਰ

ਦੇਸ ੧੫੦-੦੦

ਪਰਦੇਸ (ਸਾਰੇ ਦੇਸ)

ਸਮੁੰਦਰੀ ਡਾਕ ੪੦੦-੦੦

ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੧ ਦਸੰਬਰ ੧੯੮੭ ਅੰਕ ੧੨


## ਕਹਿਓ ਪ੍ਰਭੂ ਸੁ ਭਾਖਿ ਹੋਂ

ਕਹਿਓ ਪ੍ਰਭੂ ਸੁ ਭਾਖਿ ਹੋਂ ॥ ਕਿਸੂ ਨ ਕਾਨ ਰਾਖਿ ਹੋਂ ॥
ਕਿਸੂ ਨ ਭੇਖ ਭੀਜ ਹੋਂ ॥ ਅਲੇਖ ਬੀਜ ਬੀਜ ਹੋਂ ॥੩੪॥
ਪਾਖਾਣ ਪੂਜ ਹੋਂ ਨਹੀਂ ॥ ਨ ਭੇਖ ਭੀਜ ਹੋਂ ਕਹੀਂ ॥
ਅਨੰਤ ਨਾਮੁ ਗਾਇ ਹੋਂ ॥ ਪਰੱਮ ਪੁਰਖ ਪਾਇ ਹੋਂ ॥੩੫॥
ਜਟਾ ਨ ਸੀਸ ਧਾਰਿ ਹੋਂ ॥ ਨ ਮੁੰਦ੍ਰਕਾ ਸੁ ਧਾਰਿ ਹੋਂ ॥
ਨ ਕਾਨ ਕਾਹੂ ਕੀ ਧਰੋਂ ॥ ਕਹਿਓ ਪ੍ਰਭੂ ਸੁ ਮੈ ਕਰੋਂ ॥੩੬॥
ਭਜੋਂ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ ॥
ਨ ਜਾਪ ਆਨ ਕੋ ਜਪੋਂ ॥ ਨ ਅਉਰ ਥਾਪਨਾ ਥਪੋਂ ॥੩੭॥
ਬਿਅੰਤ ਨਾਮ ਧਿਆਇ ਹੋਂ ॥ ਪਰਮ ਜੋਤਿ ਪਾਇ ਹੋਂ ॥
ਨ ਧਿਆਨ ਆਨ ਕੋ ਧਰੋਂ ॥ ਨ ਨਾਮ ਆਨ ਉਚਰੋਂ ॥੩੮॥
ਤਵੱਕ ਨਾਮ ਰੱਤਿਯੰ ॥ ਨ ਆਨ ਮਾਨ ਮੱਤਿਯੰ ॥
ਪਰੱਮ ਧਿਆਨ ਧਾਰੀਅੰ ॥ ਅਨੰਤ ਪਾਪ ਟਾਰੀਯੰ ॥੩੯॥
ਤੁਮੇਵ ਰੂਪ ਰਾਚਿਯੰ ॥ ਨ ਆਨ ਦਾਨ ਮਾਚਿਯੰ ॥
ਤਵੱਕ ਨਾਮ ਉਚਾਰਿਯੰ ॥ ਅਨੰਤ ਦੂਖ ਟਾਰਿਯੰ ॥੪੦॥

[ਪਾ: ੧੦, ਬਚਿਤ੍ਰ ਨਾਟਕ, ਧਿਆਇ ੬




www.AKJ.Org

# ਕਲਗੀਧਰ ਸਤਿਗੁਰੂ ਕਿਨ੍ਹਾਂ ਦਾ ਸਹਾਈ ਹੁੰਦਾ ਹੈ ?

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸਭ ਤੋਂ ਬਹੁਤੀ ਨਿਰਾਸਤਾ ਵਾਲੀ ਗੱਲ ਹੈ ਤਾਂ ਇਹ ਹੈ ਕਿ ਸਦਾ ਆਪਣੇ ਖਾਲਸੇ ਨੂੰ ਪ੍ਰਚੰਡ ਕਲਾ ਜਾਗਦੀ ਜੋਤਿ ਦੇ ਚੜ੍ਹਦੇ ਰੰਗ ਵਿਚ ਰਖਣ ਵਾਲੇ ਸ੍ਰੀ ਦਸਮੇਸ਼ ਜੀ ਦੇ ਅਖਉਤੀ (so called) ਸਿੱਖ ਆਪਣੇ ਉਚ ਖਾਲਸਈ ਆਦਰਸ਼ਾਂ ਤੋਂ ਗੁਮਰਾਹ ਹੋ ਕੇ ਬੁੱਤ-ਪ੍ਰਸਤ ਮਤ-ਮਤਾਂਤ੍ਰੀ ਆਨਿ-ਮਤੀ ਆਗੂਆਂ ਦੇ ਪੈਰੋਕਾਰ ਬਣਦੇ ਚਲੇ ਜਾ ਰਹੇ ਹਨ। ਜਿਸ ਦਾ ਸਿੱਟਾ ਇਹ ਹੋ ਰਿਹਾ ਹੈ ਕਿ ਸਤਿਗੁਰੂ ਦਸਮੇਸ਼ ਜੀ ਦਾ ਤੇਜ ਗੁਆ ਰਹੇ ਹਨ ਤੇ ਗੀਦੀ ਬਣ ਰਹੇ ਹਨ। ਬੜੇ ਤੋਂ ਬੜੇ ਪ੍ਰਸਿੱਧ ਆਗੂ ਕਹਾਉਣ ਵਾਲੇ ਭੀ ਅਸਲ ਅਸੂਲਾਂ ਤੇ ਦ੍ਰਿੜ੍ਹ ਨਹੀਂ ਰਹਿੰਦੇ, ਉਹਨਾਂ ਦਾ ਕੋਈ ਅਸੂਲ ਹੀ ਨਹੀਂ। ਇਕ ਅਸੂਲ ਨੂੰ ਬਣਾਉਂਦੇ ਹਨ ਤੇ ਇਕ ਨੂੰ ਢਾਉਂਦੇ। "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ" ਦੀਆਂ ਬੜ੍ਹਕਾਂ ਮਾਰਨ ਵਾਲੇ 'ਪੰਥ ਕੀ ਜੀਤ' ਮਈ ਖਾਲਸਾ ਪੰਥ ਐਨਟਿਟੀ (entity) ਦੀਆਂ ਟਾਹਰਾਂ ਛਡਣ ਵਾਲੇ ਭੀ ਅਜ ਹਾਰੇ ਹੋਏ ਪਾਲੇਟੀਸ਼ਨਾਂ ਤੇ ਕਮਜ਼ੋਰ ਮੰਗਤਿਆਂ ਵਾਂਗੂ......ਮੰਗਾਂ ਮੰਗ ਰਹੇ ਹਨ। ਓਹਨਾਂ ਅੱਵਲ-ਪੰਥੀਆਂ ਦੀ ਨਿਰੋਲ ਪੰਥਕ ਨਿਰੋਲਤਾ ਜਣਾਉਣ ਵਾਲੀ ਟਾਹਰ ਕਿਥੇ ਗਈ ? ਉਨ੍ਹਾਂ ਨੂੰ ਖਾਲਸਈ ਨਾਹਰਿਆਂ ਤੇ ਵਿਸ਼ਵਾਸ ਨਹੀਂ ਰਿਹਾ, "ਜਬ ਲਗ ਰਹੇ ਖਾਲਸਾ ਨਿਆਰਾ। ਤਬ ਲਗ ਤੇਜ ਦੀਓ ਮੈਂ ਸਾਰਾ" ਵਾਲੇ ਸ੍ਰੀ ਦਸਮੇਸ਼ ਮੁਖਵਾਕ ਤੇ ਭਰੋਸਾ ਹੀ ਨਹੀਂ ਰਿਹਾ। ਉਹ ਹੁਣ ਅਨਮਤੀ ਹਿੰਦੂਆਂ ਦੀ ਹਮਾਇਤ ਲੈਣ ਨੂੰ ਬੜਾ ਫ਼ਖ਼ਰ ਸਮਝਦੇ ਹਨ। ਉਹ ਮੁੜ ਹਿੰਦੂਆਂ ਵਿਚ ਮਿਲਗੋਭਾ (amalgamate) ਹੋ ਕੇ ਮਲੀਆਮੇਟ ਹੋਣ ਤੇ ਲੱਕ ਬੰਨ੍ਹੀ ਬੈਠੇ ਹਨ। ਤੇ ਇਸ ਗੁਰਮਤਿ-ਹੀਣੀ ਗੱਲ ਨੂੰ ਜਿਤਲਾਉਣਾ ਬੜੀ ਬੀਰਤਾ ਭਰੀ ਸਿਆਣਪ ਸਮਝਦੇ ਹਨ ਕਿ ਸਿੱਖ ਹਿੰਦੂਆਂ ਵਿਚੋਂ ਹੀ ਨਿਕਲੇ ਹਨ। ਉਹਨਾਂ ਨੂੰ ਇਸ ਗੱਲ ਦੇ ਹਾਮੀ ਹੋਣ ਵਿਚ ਰੰਚਕ ਭੀ ਲੱਜਾ ਨਹੀਂ ਆਉਂਦੀ। ਉਨ੍ਹਾਂ ਨੂੰ ਇਸ ਗੱਲ ਦੀ ਪ੍ਰਤੀਤ ਹੀ ਨਹੀਂ ਆਉਂਦੀ ਕਿ ਖ਼ਾਲਸਾ ਕੌਮ ਨਈ ਸਿੱਖ ਜਨਤਾ ਗੁਰੂ ਨਾਨਕ ਸਾਹਿਬ ਜੀ ਦੀ ਕੁਖ ਵਿਚੋਂ ਨਿਕਲੀ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੋਦ ਵਿਚ ਪਲੀ ਹੈ।......ਉਨ੍ਹਾਂ ਨੂੰ ਚੜ੍ਹਦੀ ਕਲਾ ਕਿਥੇ ? ਤਿਨ੍ਹਾਂ ਨੂੰ "ਸਿਰ ਊਪਰਿ ਠਾਢਾ ਗੁਰੁ ਸੂਰਾ"† ਨਜ਼ਰ ਹੀ ਨਹੀਂ ਆਉਂਦਾ। ਤਿਨ੍ਹਾਂ ਦੇ ਕਾਰਜ ਕਿਥੋਂ ਅਤੇ ਕਿਵੇਂ ਪੂਰੇ ਹੋਣੇ ਹਨ ?

ਸਤਿਗੁਰੂ ਤਿਨ੍ਹਾਂ ਦਾ ਹੀ ਸਹਾਈ ਹੁੰਦਾ ਹੈ ਜੋ ਸਤਿਗੁਰੂ ਸੂਰਮੇ ਨੂੰ ਸਦਾ ਸੀਸ ਉਤੇ ਕਾਇਮ ਦਾਇਮ ਜਾਣਦੇ ਹਨ। ਤਿਨ੍ਹਾਂ ਚੜ੍ਹਦੀ ਕਲਾ ਵਾਲੇ ਸਿੰਘਾਂ ਦੇ, ਸਿੰਘਾਂ ਸੂਰਮਿਆਂ ਦੇ ਸੀਸਾਂ ਉਤੇ ਛਿਆਨਵੇਂ ਕਰੋੜ ਗੁਰੂ ਕੀਆਂ ਗੁਪਤ ਸ਼ਹੀਦੀ ਫ਼ੌਜਾਂ ਸਾਵਧਾਨ ਹੋ ਕੇ ਸਦਾ ਪਹਿਰਾ ਦਿੰਦੀਆਂ ਹਨ। ਅਜਿਹੇ ਸਿੰਘਾਂ ਸੂਰਮਿਆਂ ਦੇ ਆਤਮਾ ਅੰਦਰ ਹੀ ਗੁਰੂ ਕੀ ਸੂਰਮਤ-ਕਲਾ ਵਰਤਦੀ ਹੈ। ਅਜਿਹੇ ਕਲਾਧਾਰੀ ਸੂਰਮੇ ਸਿੰਘਾਂ ਅੰਦਰ ਗੁਰੂ ਨੇ ਆਪ ਵਰਤਣਾ ਹੈ। ਜਦੋਂ ਨੇੜੇ ਤੇੜੇ ਇਹ ਸਮਾਂ ਢੁਕ ਆਇਆ ਤੇ ਖਾਲਸਾ ਕੌਮ ਅੰਦਰਿ ਇਸ ਜ਼ਾਹਿਰੀ ਕਲਾ ਦਾ ਪਰਤੱਖ ਜ਼ਹੂਰ ਪੁਰ-ਨੂਰ ਵਰਤ ਗਿਆ, ਉਸ ਛਿਨ ਅੰਦਰਿ ਤੱਤਕਾਲ ਹੀ ਖਾਲਸੀ ਹਲੇਮੀ ਰਾਜ ਹੋ ਜਾਏਗਾ। ਜ਼ਰੂਰ ਹੋਏਗਾ ! ਹੋ ਕੇ ਰਹੇਗਾ। ਸ੍ਰੀ ਖੜਗੇਸ਼ ਗੁਰੂ, ਸਤਿਗੁਰੂ ਦਸਮੇਸ਼ ਜੀ ਦੀ ਜ਼ਾਹਿਰ ਕਲਾ ਵਰਤੇਗੀ। ਉਸ ਦਾ ਜ਼ਹੂਰ ਘਟ ਘਟ ਅੰਦਰ ਅਵਿਤਰੇਗਾ। ਇਉਂ ਗੁਰੂ ਅਵਤਾਰ ਧਾਰਨ ਦੇ ਤੱਤ ਆਦਰਸ਼ੀ ਅਰਥ ਜ਼ਹੂਰ ਪਜ਼ੀਰ ਹੋਣਗੇ।

ਖਾਲਸਾ ਜੀ ਦੀ 'ਫ਼ਤਹ' ਖੜਗ ਦੇ ਆਸਰੇ ਹੈ, ਨਾਮ ਖੰਡੇ ਦੇ ਆਸਰੇ ਹੈ। ਏਸੇ ਨਾਮ ਖੰਡੇ ਨੇ ਜੋਤਿ ਤੇਜਸ੍ਵੀ ਖੰਡਾ ਬਣ ਜਾਣਾ ਹੈ। ਏਸੇ ਜੋਤਿ ਤੇਜਸ੍ਵੀ ਖੰਡੇ ਦੇ ਖੜਕਾਉਣ ਲਈ ਸ੍ਰੀ ਖੜਗੇਸ਼ ਗੁਰੂ ਦਸਮੇਸ਼ ਜੀ ਨੇ

† ਗਉੜੀ ਸੁਖਮਨੀ ਮ: ੫, ॥੭॥ (੨੨), ਪੰਨਾ ੨੯੩



www.AKJ.Org

ਖਾਲਸਾ ਕੌਮ ਨੂੰ ਸਾਜਿਆ ਹੈ । ਏਸੇ ਖੜਗੇਸ਼ ਖੰਡੇ ਦਾ ਨਾਮ ਭਗਉਤੀ ਹੈ । ਜਿਸਦੀ ਟੇਕ ਵਿਚ, ਜਿਸ ਦੀ ਗੋਦ ਵਿਚ ਖਾਲਸੇ ਨੇ ਰਹਿਣਾ ਹੈ । ਜਿਸ ਭਗਉਤੀ ਰੂਪ ਖੜਗ ਖੰਡੇ ਨੂੰ ਖਾਲਸਾ ਜੀ ਨੇ ਸਦਾ ਗੋਦ ਵਿਚ ਰਖਣਾ ਹੈ, ਸੀਸ ਤੇ ਰਖਣਾ ਹੈ, ਸੀਸ ਤੇ ਸਤਿਕਾਰਨਾ ਹੈ, ਸੀਸ ਤੇ ਨਮਸਕਾਰਨਾ ਹੈ, ਸੁਆਸ ਸੁਆਸ ਚਿਤਾਰਨਾ ਹੈ । ਹਰ ਆੜੇ ਸਮੇਂ, ਦੁਖ ਸੁਖ ਸਮੇਂ, ਸਾਸ ਗ੍ਰਾਸ ਭਗਉਤੀ ਨੂੰ ਆਪਣਾ ਆਦਰਸ਼, ਵਿਲੱਖਣੀ ਉਦੇਸ਼ ਬਣਾ ਕੇ ਸਲਾਹੁਣਾ ਹੈ । ਅਰਦਾਸ ਵਿਚ ਅਰਦਾਸਾਉਣਾ ਹੈ। ਸਭ ਤੋਂ ਪ੍ਰਿਥਮ ਇਸ ਭਗਉਤੀ ਨੂੰ ਹੀ ਮੁਖ ਰਖ ਕੇ ਸਾਰੇ ਕਾਰਜ ਰਾਸ ਕਰਨ ਦੀ ਅਰਦਾਸ ਸੰਭਾਲਣੀ ਸੰਵਾਰਨੀ ਹੈ । ਸ੍ਰੀ ਦਸਮੇਸ਼ ਜੀ ਨੇ ਇਹ ਅਰਦਾਸ ਸਾਨੂੰ ਸਿਖਲਾਈ । ਅਰਦਾਸ ਵਿਚ 'ਪ੍ਰਿਥਮ ਭਗਉਤੀ' ਪਦ ਉਚਾਰ ਉਚਰਾਇ ਕੇ, ਕੋਈ ਦੇਵੀ-ਪੂਜਾ ਨਹੀਂ ਦ੍ਰਿੜ੍ਹਾਈ । ਐਸਾ ਖਿਆਲ ਸਿਰਫ਼ ਕੰਬਖ਼ਤ ਤੇ ਕੱਚ-ਘਰੜ ਖਿਆਲੀਆਂ ਦਾ ਹੈ ਕਿ ਸ੍ਰੀ ਦਸਮੇਸ਼ ਜੀ ਦੀ ਦ੍ਰਿੜ੍ਹਾਈ ਭਗਉਤੀ ਦੇਵੀ ਹੈ । ਖਾਲਸਈ ਅਰਦਾਸੇ ਵਿਚ ਚੜ੍ਹਦੀ ਕਲਾ ਕੇਵਲ ਖੜਗ ਰੂਪ ਭਗਉਤੀ ਸਰੂਪ ਵਿਚ ਹੀ ਹੈ, ਨਹੀਂ ਤਾਂ ਨਿਰੀ ਢਹਿੰਦੀ ਕਲਾ ਹੈ ।

ਭਗਉਤੀ ਪਦ ਦੇ ਇਸ ਉੱਚ ਆਦਰਸ਼ੀ ਸ੍ਰੀ ਦਸਮੇਸ਼ ਅਰਦਾਸ ਉਦੇਸ਼ ਤੋਂ ਊਣੇ ਅਤੇ ਮੁਨਹਰਫ਼ ਬੇਮੁਖ ਲੋਗ ਸਦਾ ਢਹਿੰਦੀ ਅਤੇ ਨਿੱਘਰਦੀ ਕਲਾ ਵਿਚ ਹੀ ਰਹਿਣਗੇ । ਉਨ੍ਹਾਂ ਨੂੰ ਨਾ ਰਾਜ ਭਾਗ ਪ੍ਰਾਪਤ ਹੋਣਾ ਹੈ, ਨਾ ਉਹਨਾਂ ਦਾ ਪ੍ਰਮਾਰਥ ਸੰਵਾਰਨਾ ਹੈ, ਨਾ ਉਨ੍ਹਾਂ ਦਾ ਕੋਈ ਕਾਰਜ ਰਾਸ ਹੋਣਾ ਹੈ ।

ਸ੍ਰੀ ਦਸਮੇਸ਼ ਜੀ ਦੇ ਸਿੱਖਾਂ ਪ੍ਰਤੀ ਸ੍ਰੀ ਮੁਖਵਾਕ, ਅਰਦਾਸ ਦਾ ਧੁਰਵਾ ਇਉਂ ਬੰਨ੍ਹ ਕੇ ਦਿਖਾਉਂਦੇ ਹਨ, ਸਿਖਾਉਂਦੇ ਹਨ । ਸਭ ਤੋਂ ਪਹਿਲਾਂ ਪਰਉਪਕਾਰ ਦੀ ਸੂਰਮਤਾ-ਭਿੰਨੀ ਔਜ ਮੌਜ ਵਿਚ ਚੜ੍ਹਦੀ ਕਲਾ ਦੀ ਸਪਿਰਟ-ਜਗਾਇਨੀ-ਖੜਗ-ਖੰਡੇ-ਮਈ ਭਗਉਤੀ ਨੂੰ ਸਨਮੁਖ ਅਰਥ ਚਿਤਾਇੰਦੇ ਹਨ । ਇਸ ਚਿਤਵਨੀ ਨੂੰ ਹੀ ਪ੍ਰਿਥਮ ਭਗਉਤੀ ਸਿਮਰਨਾ ਦਸਦੇ ਹਨ । ਇਸ ਸਿਮਰਣਾਉਜ ਨੂੰ ਮੁਖ ਮੰਤਵ ਰਖਦੇ ਹੋਏ ਫੁਰਮਾਉਂਦੇ ਹਨ ਕਿ 'ਗੁਰ ਨਾਨਕ ਲਈਂ ਧਿਆਇ' । ਹੇ ਅਰਦਾਸ ਕਰਨਹਾਰੇ ! ਤੂੰ ਧਿਆਇ ਲਈਂ । 'ਲਈ' ਦੀ ਈੜੀ ਨੂੰ ਜੋ ਬਿਹਾਰੀ ਹੈ, ਉਹ ਬਿੰਦੇ ਸੰਯੁਕਤ ਹੈ । ਇਸ ਬਿਧ ਗੁਰੂ ਨਾਨਕ ਦੇ ਦਸੇ ਜਾਮਿਆਂ ਨੂੰ ਅਰਦਾਸ ਵਿਚ ਧਿਆਉਣਾ ਹੈ, ਚੜ੍ਹਦੀ ਕਲਾ ਵਿਚ ਧਿਆਉਣਾ ਹੈ, ਨਿਰਭੈ ਹੋ ਕੇ ਧਿਆਉਣਾ ਹੈ, ਖਾਲਸਈ ਸ਼ਾਂਤ-ਬੀਰਤਾ ਭਰੀ ਸਪਿਰਟ ਵਿਚ ਧਿਆਉਣਾ ਹੈ । ਗੀਦੀਆਂ ਵਾਲੀ ਮੁਰਦਾ ਸ਼ਾਂਤਮਈ ਨੂੰ ਪਰਹਰਨ ਤੇ ਪਰਹਰਾਉਣ ਲਈ ਇਹ ਖਾਲਸਈ ਅਰਦਾਸ ਹੈ। ਖਾਲਸਈ ਨਾਅਰੇ ਜੈਕਾਰੇ ਭੀ ਸਾਰੇ ਇਸ ਬੀਰਤਾ ਭਰਪੂਰ (ਲੀਣੀ) ਸਪਿਰਟ ਵਿਚ ਉਚਾਰੇ ਜਾਂਦੇ ਹਨ । ਰੋਮ ਰੋਮ ਅੰਦਰ ਜਾਗਤ ਜੋਤਿ ਨੂੰ, ਘਟਿ ਸਪਿਰਟ ਨੂੰ ਉਭਾਰਨਾ, ਪੂਰਨ ਜਾਗਤਿ ਜੋਤਿ ਨੂੰ ਘਟ ਭੀਤਰ ਜਗਾਉਣਾ ਹੈ। ਇਉਂ ਨਿਰੋਲ ਖਾਲਸਾ ਸਦਾਵਣਾ ਹੈ । ਬਸ ਨਿਰੋਲ ਖਾਲਸੇ ਨੂੰ ਸਦਾ ਸ੍ਰੀ ਖਾਲਸੇਸ਼ ਦਸਮੇਸ਼ ਜੀ ਨੂੰ ਸਾਂਗੋ-ਪਾਂਗ ਪੇਖਣਾ ਨਿਰਖਣਾ ਹੈ ।

ਸਤਿਗੁਰੂ ਦਸਮੇਸ਼ ਜੀ ਨੂੰ ਸਾਂਗੋ ਪਾਂਗ ਅੰਗਿ ਸੰਗਿ ਨਿਰਖਣ ਪੇਖਣਹਾਰੇ ਖਾਲਸਾ ਜੀ ਨੇ ਕਦੇ ਕਿਸੇ ਅਨਿ ਮਤਿ ਕੌਮ ਦਾ ਦੁਬੈਲ ਨਹੀਂ ਹੋਣਾ । ਜਦੋਂ ਵੀ ਇਸ ਦੁਬੈਲਤਾ ਦੀ ਕੁਰੀਝ, ਰੀਤ, ਕੁਰੀਤ ਕਿਸੇ ਸਿਖ ਸਦਾਵਣਹਾਰੇ ਪ੍ਰਾਣੀ ਅੰਦਰਿ ਵਰਤ ਗਈ, ਤਿਨ੍ਹਾਂ ਪ੍ਰਾਣੀਆਂ ਪ੍ਰਥਾਇ ਹੀ ਸਤਿਗੁਰੂ ਨੇ ਫੁਰਮਾਇਆ ਹੈ ਕਿ 'ਮੈਂ ਨ ਕਰੋਂ ਇਨ ਕੀ ਪ੍ਰਤੀਤ ।' ਤਿਨ੍ਹਾਂ ਦੁਬੈਲ-ਪੰਥੀਆਂ ਦੇ ਰਾਜ ਸਾਜ ਵੀ ਸਭ ਖੁਸ ਜਾਣੇ ਹਨ, ਆਨ ਸ਼ਾਨ ਆਬਰੂਈਆਂ ਵੀ ਸਭ ਮੁਸਿ ਜਾਣੀਆਂ ਹਨ । ਫ਼ੈਜ਼ਯਾਬ (ਕਿਰਤਾਰਥ) ਤਿੰਨ੍ਹਾਂ ਨੇ ਤਦੋਂ ਹੀ ਹੋਣਾ ਹੈ, ਜਦੋਂ ਮੁੜ ਕੇ ਫੇਰ ਗੁਰੂ ਨਾਨਕ ਦਸਮੇਸ਼ ਜੀ ਦਾ ਆਸਰਾ ਪਰਣਾ ਤਿਨ੍ਹਾਂ ਨੇ ਲੈਣਾ ਹੈ ।

ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥ ਦੇਗ ਤੇਗ ਨੁਸਰਤ ਬੇਦਰੰਗ ॥

["ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ" ਟ੍ਰੈਕਟ ਵਿਚੋਂ



www.AKJ.Org

# ਜੋਤਿ ਦੀ ਝਲਕ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਗੁਰ ਸ਼ਬਦ ਅਭਿਆਸ ਵਿਖੇ ਲਿਵਲੀਨ ਹੋ ਕੇ ਜਦੋਂ ਹਿਰਦੇ ਅੰਦਰ ਜੋਤਿ-ਕਿਰਣ ਪ੍ਰਕਾਸ਼ਤ ਹੁੰਦੀ ਹੈ, ਉਹ ਵਾਹਿਗੁਰੂ ਜੋਤੀਸ਼ਰ ਦੇ ਚਰਨਾਂ ਦੀ ਝਲਕ ਹੁੰਦੀ ਹੈ। ਇਸ ਝਲਕ ਦੇ ਝਿਲਮਿਲੀ ਦੀਦਾਰ ਨਾਲ ਮਸਤ (ਝਲੇ) ਹੋ ਕੇ ਜਦੋਂ ਹਰਿ ਗੁਣ ਗਾਈਦੇ ਹਨ, ਓਦੋਂ ਵਾਹਿਗੁਰੂ ਦੇ ਝਿਲਮਿਲੀ ਚਰਨਾਂ ਦੀ ਮਹਿਮਾ ਹੀ ਗਾਈਦੀ ਹੈ। ਇਹ ਹਿਰਦੰਤਰੀ ਜੋਤਿ-ਝਲਕ ਅਤੀਅੰਤ ਹੀ ਮਿਠੀ ਸੀਤਲਤਾ ਵਾਲੀ ਹੁੰਦੀ ਹੈ, ਜਿਸ ਦੀ ਮਿਠਾਸ ਵਿਚ ਮਹਿਵ ਹੋ ਕੇ ਮੇਰੇ ਆਨੰਦੀ ਵਾਹਿਗੁਰੂ ਦੀ ਮਹਾਂ ਅਨੰਦ-ਮਈ ਸ਼ਾਂਤਿ ਤੇਜਸ੍ਵੀ ਮੂਰਤੀ ਨਾਮ ਸਿਮਰਨਹਾਰੇ ਦੇ ਹਰ ਛਿਨ ਸਨਮੁਖ ਰਹਿੰਦੀ ਹੈ। ਇਸ ਸੁਖ ਸ਼ਾਂਤਿ ਮੂਰਤਿ ਨੂੰ ਸਨਮੁਖ ਰਖਦਿਆਂ ਹੋਇਆਂ ਧਿਆਨੀ ਦਾ ਧਿਆਨ ਹੋਰ ਭੀ ਅਰੂੜ ਹੋ ਕੇ ਜੁੜਦਾ ਹੈ। ਇਸ ਧਿਆਨ-ਸਿਮਰਨ ਮੱਧੇ ਸੁਤੇ ਸਿਧ ਹੀ ਸਫੁਰਨ ਹੋਈਆਂ ਅਭਿਆਸੀ ਜਨ ਦੀਆਂ ਆਸਾਂ ਸਾਰੀਆਂ ਪੂਰਨ ਹੋ ਜਾਂਦੀਆਂ ਹਨ ਅਤੇ ਐਸੇ ਸ਼ਬਦ ਅਭਿਆਸ ਦੇ ਪਰਤਾਪ ਨਾਲ ਕੋਟਿ ਜਨਮਾਂ ਦੇ ਕਰਮਾਂ ਦੇ ਗੇੜ ਵਾਲਾ ਆਵਾ ਗਵਨੀ ਦੁਖ ਦੂਰ ਕਾਫ਼ੂਰ ਹੋ ਜਾਂਦਾ ਹੈ। ਪੁੰਨ ਦਾਨ ਆਦਿਕ ਅਨੇਕ ਆਨਮਤ ਕਿਰਿਆ ਵਾਲੇ ਕਰਮ ਗੁਰੂ ਘਰ ਦੀ ਹਰਿ ਗੁਣ ਗਾਵਨੀ, ਗੁਰ ਸ਼ਬਦ ਧਿਆਵਨੀ ਸਾਧ ਸੰਗਤਿ ਦੇ ਪ੍ਰਭਾਵ ਕਰ ਵਿਚੇ ਹੀ ਸਮੇਟੇ ਜਾਂਦੇ ਹਨ, ਕਟੇ ਜਾਂਦੇ ਹਨ। ਗੁਰੂ ਨਾਨਕ ਸਾਹਿਬ ਦੀ ਸਿਖਿਆ, ਗੁਰ-ਸ਼ਬਦ-ਦੀਖਿਆ ਦਾ ਸਦਕਾ ਤਾਪ ਸੰਤਾਪ ਸਗਲੇ ਹੀ ਮਿਟ ਜਾਂਦੇ ਹਨ। ਫੇਰ ਮੁੜ ਕੇ ਗੁਰ ਸ਼ਬਦ ਅਭਿਆਸ ਕਰਮੀ ਨੂੰ ਕਾਲ ਨਹੀਂ ਖਾਂਦਾ। ਉਸ ਦੇ ਪਿਛੇ ਕਮਾਤੇ ਕੋਟਿ ਕਰਮ ਭੀ ਕਟੇ ਜਾਂਦੇ ਹਨ, ਗੁਰ ਸ਼ਬਦ ਦੇ ਪਰਤਾਪ ਕਰਕੇ।

ਪੇਖਿ ਪੇਖਿ ਬਿਗਸਾਉ ਸਾਜਨ ॥ ਪ੍ਰਭੁ ਆਪਨਾ ਇਕਾਂਤ ॥੧॥ਰਹਾਉ॥
ਆਨਦਾ ਸੁਖ ਸਹਜ ਮੂਰਤਿ ਤਿਸੁ ਆਨ ਨਾਹੀ ਭਾਂਤਿ ॥੧॥
ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਂਤਿ ॥੨॥
ਗੁਣ ਰਮੰਤ ਦੂਖ ਨਾਸਹਿ ਰਿਦ ਭਇਅੰਤ ਸਾਂਤਿ ॥੩॥
ਅੰਮ੍ਰਿਤਾ ਰਸੁ ਪੀਉ ਰਸਨਾ ਨਾਨਕ ਹਰਿ ਰੰਗਿ ਰਾਤ ॥੪॥੪॥੧੫॥

[ਕਾਨੜਾ ਮਹਲਾ ੫, ਪੰਨਾ ੧੩੦੦–੦੧

ਦਰਸ-ਵਿਗਾਸੀ-ਜੋਤਿ-ਪੁਲਾੜ ਦਾ ਉਘਾੜ ਹੋਣ ਪਰ ਇਸ ਦਰਸ-ਵਿਗਾਸ ਦੇ ਨਜ਼ਾਰੇ ਦੇ ਵਿਚ ਸਾਜਨ-ਸੁਖ-ਪ੍ਰੀਤਮ ਦਾ ਪਰਤੱਖ ਸਨਮੁਖ ਦੀਦਾਰ ਹੁੰਦਾ ਹੈ। ਸਾਜਨ ਦੇ ਇਸ ਦੀਦਾਰੇ ਨੂੰ ਪੇਖਿ ਪੇਖਿ ਦੇਖ ਦੇਖ ਕੇ ਮੁਸ਼ਤਾਕ-ਦੀਦਾਰੂਆ ਵਿਗਸ ਵਿਗਸ ਕੇ, ਬਿਹਸ ਬਿਹਸ ਕੇ, ਅੰਦਰੇ ਅੰਦਰ ਬਿਸਮਾਦ ਦਰਸ਼ਨ ਨੂੰ ਜਰ ਜਰ ਕੇ ਮਹਾਂ ਅਨੰਦ ਹੁੰਦਾ ਹੋਇਆ ਮੁਸਕ੍ਰਾਉਂਦਾ ਹੈ। ਮੁਸਕੜੀਏ ਹੱਸਦਾ ਹੈ। ਕਿਸੇ ਨੂੰ ਲਖਾਉਂਦਾ ਨਹੀਂ। ਇਹ ਪ੍ਰਭੂ-ਪ੍ਰੀਤਮ ਸੰਗਿ ਕੇਲ ਕਰਨ ਵਾਲੀ ਨਿਰੋਲ ਇਕਾਂਤ ਬਿਵਸਥਾ ਹੁੰਦੀ ਹੈ, ਜੋ ਵਿਰਲੇ ਵਾਂਝਿਆਂ ਗੁਰਮੁਖਾਂ ਤੇ ਹੀ ਵਾਪਰਦੀ ਹੈ ਅਤੇ ਇਸ ਨੂੰ ਸੋਈ ਜਾਣਦੇ ਹਨ, ਜਿਨ੍ਹਾਂ ਨੇ ਇਹ ਰੰਗ ਮਾਣਿਆ ਹੈ। ਇਹ "ਕਰੈ ਅਨੰਦੁ ਅਨੰਦੀ ਮੇਰਾ" ਵਾਲੀ ਅਤਿ ਸੁਖ ਸਹਿਜਨੀ ਆਤਮ ਬਿਵਸਥਾ ਹੁੰਦੀ ਹੈ, ਜਿਸ ਵਿਚ ਪਰਮ ਅਨੰਦੀ (ਪਰਮਾਨੰਦੀ) ਸੁਖ ਸਹਜਨੀ ਮੂਰਤੀ ਵਾਲੇ ਅਕਾਲ ਮੂਰਤਿ ਵਾਹਿਗੁਰੂ ਦੇ ਪਰਤੱਖ ਦਰਸ਼ਨ ਹੁੰਦੇ ਹਨ। ਸਾਂਗੋ ਪਾਂਗ ਸਨਮੁਖੀ ਦੀਦਾਰੇ ਹਰ ਦੰਮ ਹੁੰਦੇ ਰਹਿੰਦੇ ਹਨ।

**ਅਕਾਲ ਪੁਰਖ ਦੀ ਮੂਰਤੀ—**

ਚੇਤੇ ਰਹੇ ਕਿ ਵਾਹਿਗੁਰੂ ਨਿਰੰਕਾਰ ਦੀ ਆਕਾਰ ਰਹਿਤ ਮੂਰਤੀ ਹੈ। ਮੂਰਤਿ ਤਾਂ ਉਸ ਦੀ ਹੈ, ਪਰ ਕਾਲ ਚੱਕ੍ਰ ਚਿਹਨੀ ਮੂਰਤੀ ਨਹੀਂ। ਕਾਲ ਰਹਿਤ ਅਕਾਰ ਰਹਿਤ ਜੋਤਿ-ਤੇਜ-ਮੁਜੱਸਮੀ ਅਕਾਲ ਮੂਰਤੀ ਹੈ। ਜਿਸ ਨੂੰ ਪੇਖ ਕੇ ਪੇਖਨਹਾਰੇ ਪ੍ਰੇਮੀ ਮੁਸ਼ਤਾਕੜੇ ਉਪਰ ਨਿਰੀ ਬਿਸਮਾਦਤਾ ਹੀ ਬਿਸਮਾਦਤਾ ਛਾਈ ਰਹਿੰਦੀ ਹੈ। ਇਸ ਬਿਸਮਾਦ ਸਰੂਪ ਅਲੌਕਿਕ ਵਜੂਦ ਮੁਜੱਸਮ ਸੁਹੱਪਣ ਸਮਾਨ (ਸਦਰਸ) ਹੋਰ ਕੋਈ ਵਜੂਦ ਨਹੀਂ। ਇਸ ਭਾਂਤ ਆਨ ਕੋਈ



www.AKJ.Org

ਦਰਸ਼ਨ ਨਹੀਂ। ਇਸ ਦੇ ਤੁਲ ਹੋਰ ਕੋਈ ਦਰਸ਼ਨੀ ਮੂਰਤਿ ਨਹੀਂ। ਇਸ ਅਲੌਕਿਕ ਅਤੁਲਤਾ ਕਰਾਂਤੀ ਦਰਸ਼ਨ ਨੂੰ ਪੇਖਿ ਪੇਖਿ ਸਿਮਰਨ ਦੀ ਇਕ ਅਧਿਭੁਤ ਲਹਿਰ ਛਿੜ ਪੈਂਦੀ ਹੈ। ਸਨਮੁਖੀ ਦਰਸ਼ਨਾਂ ਦਾ ਕੌਤਕ ਬਿਸਮਾਦ ਜਨਕ ਅਹਿਲਾਦ ਦਾ ਲਖਾਇਕ ਹੈ। ਇਹ ਬਿਸਮ ਬਿਨੋਦੀ ਸਨਮੁਖਤਾ ਵਾਲੇ ਦਰਸ਼ਨ ਮਿਕਨਾਤੀਸੀ ਰੌ ਸਿਮਰਨ ਦੀ ਛੇੜ ਦਿੰਦੇ ਹਨ। ਇਸ ਦਰਸ਼ਨਿ ਸਮਾਏ, ਦਰਸ਼ਨਿ ਬਿਸਮਾਏ "ਸਿਮਰਤ" ਦੀ ਅਵਸਥਾ ਪ੍ਰਾਪਤ ਹੋਣ ਪਰ ਸਾਧਾਰਨ ਸਰਧਾ ਸੰਧੂਰਤੀ ਸਿਮਰਨ ਇਕ ਵਾਰ ਕਰਨ ਕਰਿ, "ਮਿਟਿ ਕੋਟਿ ਕਸਮਲ ਜਾਂਤਿ" ਵਾਲਾ ਪਰਤੱਖ ਵਰਤਾਰਾ ਵਰਤ ਜਾਂਦਾ ਹੈ। ਕੋਟਿ ਕਰੂਰ ਕਰਮੀ ਬੱਜਰ ਪਾਪ ਮਿਟ ਜਾਂਦੇ ਹਨ। "ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਂਤਿ ॥" ਇਸ ਗੁਰਵਾਕ ਪੰਗਤੀ ਤੋਂ ਸਾਫ਼ ਸਿਧ ਹੈ ਕਿ ਗੁਰ-ਸ਼ਬਦ ਦਾ ਇਕ ਵਾਰੀ ਸਿਮਰਨ ਕੀਤਾ ਕਰੋੜਾਂ ਪਾਪਾਂ ਅਤੇ ਕਰੋੜਾਂ ਪਾਪ-ਕਰਮਾਂ ਨੂੰ ਦਘਧ ਕਰਨ ਲਈ ਸਮਰੱਥ ਹੈ। ਜੈਸੇ ਕਿ ਲਖਾਂ ਕਰੋੜਾਂ ਮਣਾ ਲਕੜੀਆਂ ਦੇ ਢੇਰ ਨੂੰ ਬੈਸੰਤਰ ਦੀ ਇਕੋ ਚਿੰਗਾੜੀ ਸਾੜ ਸਿਟਦੀ ਹੈ, ਇਸੇ ਤਰ੍ਹਾਂ ਇਕ ਵਾਰ ਗੁਰਮਤਿ ਨਾਮ ਦਾ ਜਾਪ ਕੀਤਾ ਕਰੋੜਾਂ ਹੀ ਕਸਮਲ ਪਾਪਾਂ ਕੁਕਰਮਾਂ ਸੰਤਾਪਾਂ ਨੂੰ ਦਘਧ ਕਰਨ ਲਈ ਸਮਰੱਥ ਹੈ। ਵਾਹਿਗੁਰੂ ਦੇ ਗੁਣਾਂ ਨੂੰ ਰਮਣ ਕੀਤਿਆਂ, ਵਾਹਿਗੁਰੂ ਗੁਣਾਂ ਨੂੰ ਗਾਂਵਿਆਂ ਰਾਵਿਆਂ ਸਾਰੇ ਦੁਖਾਂ ਦਾ ਨਾਸ ਹੋ ਜਾਂਦਾ ਹੈ, ਅਤੇ ਦੁਖਾਂ ਕਲੇਸ਼ਾਂ ਤੋਂ ਤਪੇ ਹੋਏ ਹਿਰਦੇ ਸ਼ਾਂਤਿ (ਸੀਤਲ, ਠੰਢੇ) ਹੋ ਜਾਂਦੇ ਹਨ। ਅੰਮ੍ਰਿਤ ਬਾਣੀ ਰੂਪੀ ਅੰਮ੍ਰਿਤ-ਗੁਣ ਗਾਉਣ ਕਰਕੇ ਰਸਨਾ ਅੰਮ੍ਰਿਤ ਦੇ ਹੀ ਗਟਾਕ ਰਸ ਪੀਂਦੀ ਹੈ ਅਤੇ ਵਾਹਿਗੁਰੂ ਦੇ ਰੰਗਾਂ ਵਿਚ ਹੀ ਰੰਗੀ ਜਾਂਦੀ ਹੈ। ਗੁਣ ਗਾਉਣ ਵਾਲਾ ਭੀ ਅੰਮ੍ਰਿਤ ਦੇ ਗਟਾਕ ਹੀ ਪੀਂਦਾ ਹੈ ਅਤੇ ਰਸ-ਜੋਤਿ ਰੰਗਾਂ ਦੇ ਰੰਗਾਂ ਵਿਚ ਰੰਗੀਜਿਆ ਜਾਂਦਾ ਹੈ। ["ਗੁਰਮਤਿ ਕਰਮ ਫ਼ਿਲਾਸਫ਼ੀ" ਪੁਸਤਕ ਵਿਚੋਂ

# ਏਕ ਰਤੀ ਬਿਨੁ ਏਕ ਰਤੀ ਕੇ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸਵੇਂ ਗੁਰੂ ਨਾਨਕ ਜਾਮੇ ਅੰਦਰ ਜੋ ਇਸ ਬਿਧਿ ਸਵੈਯਾ ਉਚਾਰਨ ਕੀਤਾ ਹੈ—

ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧॥

ਏਸ ਦਾ ਭਾਵ ਸਮੁੱਚੇ ਤੌਰ ਤੇ ਆਪਣੇ ਆਪ ਮਨ ਦੇ ਮਤੇ ਅਨੁਸਾਰ ਆਪੋਂ ਬਣ ਬੈਠੇ ਡਿੰਭੀ ਗੁਰੂਆਂ ਦੇ ਪਖੰਡ ਦਾ ਖੰਡਨ ਕਰਦਾ ਹੈ। ਭਾਵ ਇਸ ਸਵੈਯੇ ਦਾ ਇਹ ਹੈ ਕਿ ਗੁਰੂ ਸਾਹਿਬ ਨੇ ਆਪਣੀ ਤ੍ਰੈਕਾਲ-ਦਰਸਤਾ ਸੰਪੰਨ ਅੰਤਰਜਾਮਤਾ ਦੁਆਰਾ ਅੱਛੀ ਤਰ੍ਹਾਂ ਘੋਖ ਕੇ ਦੇਖ ਲਿਆ ਕਿ ਇਹ ਜੋ ਸ੍ਰੇਵੜੇ ਸ੍ਰਾਵਗੀ ਜੈਨ ਮਤ ਵਾਲੇ ਕੇਵਲ ਆਪਣੀ ਸੁਧ ਪਵਿਤਰਤਾ ਵਾਲੀ ਕ੍ਰਿਆ ਕਰਕੇ ਆਪਣੇ ਆਪ ਨੂੰ ਸਾਧ ਕਹਾਉਂਦੇ ਹਨ ਅਤੇ ਸਾਰੇ ਅਨਮਤੀ ਭੇਖਧਾਰੀ ਸਿਧ ਜਤੀ ਜੋਗੀ ਜਟਾਧਾਰੀ ਅਤੇ ਸੂਰਮੇ ਕਹਾਉਣ ਵਾਲੇ ਸੁਰ ਨਰ, ਮੁਨ ਜਨ ਅਨੇਕਾਂ ਆਨਮਤੀ ਸੰਤਾਂ ਦੇ ਸਾਰੇ ਫ਼ਿਰਕੇ ਆਪਣੇ ਆਪ ਨੂੰ ਸੰਤ ਬਣਾਈ ਫਿਰਦੇ ਹਨ, ਗੱਲ ਕੀ, ਸਾਰੇ ਹੀ ਕਾਇਨਾਤ ਦੇਸ਼ ਦੇ ਅਨਮਤੀ ਮਨ-ਮਤਾਂਤਰਾਂ ਵਾਲੇ ਖ਼ੁਦ-ਸਾਖ਼ਤਾ (ਆਪੋਂ ਬਣ ਬੈਠੇ) ਸਾਧ ਸੰਤ ਕਹਾਉਂਦੇ ਹਨ, ਇਨ੍ਹਾਂ ਵਿਚੋਂ ਕਿਸੇ ਨੇ ਭੀ ਆਪਣੀ ਪਖੰਡ-ਕ੍ਰਿਆ ਦੁਆਰਾ ਵਾਹਿਗੁਰੂ ਪ੍ਰਾਣਪਤੀ ਦੇ ਦਰਸ਼ਨ ਨਹੀਂ ਦੇਖੇ। ਇਹ ਵਾਹਿਗੁਰੂ ਪ੍ਰਾਣਪਤੀ ਦਾ ਦਰਸ਼ਨ ਤਾਂ ਉਹੀ ਵਾਹਿਗੁਰੂ ਵਰੋਸਾਏ, ਧੁਰੋਂ ਵਾਹਿਗੁਰੂ ਦੀ ਦਰਗਾਹੋਂ ਪਠਾਏ ਹੋਏ ਗੁਰੂ ਨਾਨਕ ਸਾਰਖੇ ਸਾਧ-ਗੁਰੂ ਹੀ ਪਰਤੱਖ ਦੇਖ ਸਕਦੇ ਹਨ, ਜਿਨ੍ਹਾਂ ਦੇ ਉਪਰ ਸ੍ਰੀ ਭਗਵਾਨ ਵਾਹਿਗੁਰੂ ਦੀ ਖ਼ਾਸ ਕਿਰਪਾ ਨਾਜ਼ਲ ਹੁੰਦੀ ਹੈ। ਏਸ ਖ਼ਾਸ ਮਖ਼ਸੂਸੀ ਕਿਰਪਾ ਬਿਹੂਣ ਅਤੇ ਵਾਹਿਗੁਰੂ ਦੀ ਇਕੋ ਸੱਰੀ ਪ੍ਰੀਤੀ ਬਿਨਾਂ (ਸੱਚੇ ਪ੍ਰੇਮ ਬਿਨਾਂ) ਉਪਰ ਦਸੇ ਹੋਏ ਅਨੇਕਾਂ ਮਤ-ਮਤਾਂਤਰੀ ਡਿੰਭੀ ਸਾਧੂ ਇਕ ਕੌਡੀ ਦੇ ਕੰਮ ਦੇ ਵੀ ਨਹੀਂ। ਸਾਡੇ ਹੀ ਗੁਰੂ ਘਰ ਵਿਖੇ ਅਨੇਕਾਂ ਅਜਿਹੇ ਡਿੰਭੀ ਤੇ ਪਖੰਡੀ ਸਾਧੜੇ ਬਣ ਬੈਠੇ ਹਨ, ਜੋ ਆਪਣੀ ਮਨੋਰਥ-ਸਿੱਧੀ ਲਈ ਅਨੇਕਾਂ ਜਗਿਆਸੂਆਂ ਨੂੰ ਕੂੜ ਦੇ ਥਾਪੜੇ ਦੇ ਦੇ ਕੇ ਆਪਣੇ ਆਪ ਨੂੰ ਗੁਰੂ ਸਾਧ ਕਹਾਉਂਦੇ ਹਨ। ਗੁਰੂ ਨਾਨਕ (ਦਸ ਜਾਮਿਆਂ ਵਿਚ) ਬਾਝੋਂ ਨਾ ਕੋਈ ਸੱਚਾ ਗੁਰੂ ਸਰੂਪ ਸਾਧ ਹੋਇਆ ਤੇ ਨਾ ਹੋਵੇਗਾ। ਇਹ ਗੱਲ ਗੁਰਸਿਖਾਂ ਨੂੰ ਦ੍ਰਿੜ੍ਹ ਕਰਕੇ ਧਾਰਨ ਕਰ ਲੈਣੀ ਪਰਮ ਗੁਰਮਤਿ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ



www.AKJ.Org

ਬਾਰਾਂ ਮਾਹਾ—

# ਤ੍ਰੁੱਠੇ ਕਲਗੀਧਰ ਬਖ਼ਸ਼ੰਦ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ]

ਚੜ੍ਹਿਆ ਮਸਤ ਮਹੀਨਾ ਚੇਤ,
ਖਿੜਿਆ ਇਸ਼ਕ ਨਗੀਨਾ ਖੇਤ,
ਹਿਰਦੇ ਪ੍ਰੇਮ ਪਿਰੀ ਵਿਗਸੇਤ,
ਬਿਰਹੋਂ ਕਾਂਗ ਵਿਰਾਗ ਸਮੇਤ,
ਲਹਿਰੇ ਮਾਰਦੀ ॥੧॥

ਰੁੱਤ ਵਸਾਖ ਮਾਸ ਦੀ ਆਈ,
ਸਗਲ ਬਨਾਸਪਤੀ ਫਲ ਲਿਆਈ,
ਹੋਈ ਸਫਲੀ ਘਾਲ ਕਮਾਈ,
ਰਹਸ ਪ੍ਰੇਮ ਦਰਸ ਛਬਿ ਛਾਈ,
ਹੁਸਨ ਬਹਾਰ ਦੀ ॥੨॥

ਆਇਆ ਜੇਠ ਤਪੰਨਾ ਮਾਸ,
ਦਿਨੋ ਦਿਨ ਵਧਦੀ ਦਰਸ ਪਿਆਸ,
ਦੂਣੀ ਲਗ ਰਹੀ ਖੁਧਤਾਸ,
ਲਗੀ ਖਿਨ ਖਿਨ ਸਾਸ ਗਰਾਸ,
ਆਸ ਦੀਦਾਰ ਦੀ ॥੩॥

ਤਪਿਆ ਹਾੜ ਮਾਸ ਸਣਿ ਘਾਮ,
ਧੁਖ ਧੁਖ ਬਿਰਹਾ ਦੁਖ ਸਹਾਮ,
ਬਸਿਆ ਹਿਰਦੇ ਪਿਰਮ ਪੈਗਾਮ,
ਮੈਨੂੰ ਹੋ ਗਈ ਗੱਲ ਹਰਾਮ,
ਨੀਂਦ ਅਹਾਰ ਦੀ ॥੪॥

ਸਾਵਣ ਸਰਸ ਘਟਾਂ ਘਨ ਛਾਏ,
ਦਹਿ ਦਿਸ ਦਾਮਨ ਚਮਕ ਡਰਾਏ,
ਪੀਆ ਬਿਹੂਣ ਹੀਆ ਤਰਸਾਏ,
ਦਰਸ ਬਿਨਾਂ ਕਿਉਂ ਰੈਣ ਵਿਹਾਏ,
ਦਰਸ ਬਿਮਾਰ ਦੀ ॥੫॥

ਭਾਦਉਂ ਭਰ ਭਰ ਹੰਝੂ ਕੇਰਾਂ,
ਨਿਸ ਦਿਨ ਵਾਂਗ ਪਪੀਹੇ ਟੇਰਾਂ,
ਦਰਸ ਪਿਰ ਚਿਤਵਾਂ ਸਾਂਝ ਸਵੇਰਾਂ,
ਪਾ ਦਿਓ ਦਰਸ ਕਣੀ ਇਕ ਵੇਰਾਂ,
ਸੁਆਂਤ ਬੂੰਦਾਰ ਦੀ ॥੬॥

ਅਸੂਨ ਅੰਙਣ ਮੇਰੇ ਆਉ,
ਅਨਦਿਨ ਇਹੀ ਮੇਰੇ ਮਨ ਚਾਉ,
ਆ ਪਿਰੀ ਹੁਣ ਢਿਲ ਨਾ ਲਾਉ,
ਆ ਕੇ ਛੇਤੀ ਝਾਤੀ ਪਾਉ,
ਦਰਸ ਪਿਆਰ ਦੀ ॥੭॥

ਕੱਤਕ ਕੰਤ ਗੁਰੂ ਕਰਤਾਰ,
ਵਿਛੁੰਨੇ ਆਇ ਮਿਲਹੁ ਭਰਤਾਰ,
ਕੂਕਾਂ ਪ੍ਰਿਉ ਪੁਕਾਰਿ ਪੁਕਾਰਿ,
ਵਗੇ ਵੈਰਾਗਨ ਦੀ ਸਰਸਾਰ,
ਹੰਝੂਆਂ ਧਾਰ ਦੀ ॥੮॥

ਮਘਰ ਹੋਇ ਮਗੰਨ ਰਹਾਉਂ,
ਬੁਕਲ ਵਿਚ ਦਰਸ ਦਰਸਾਉਂ,
ਦੁਇ ਦੁਇ ਲੋਚਨ ਪੇਖ ਪੇਖਾਉਂ,
ਵਿਗਸਾਂ ਵਿਗਸ ਵਿਗਸ ਕੇ ਗਾਉਂ;
ਸਿਫ਼ਤ ਭਤਾਰ ਦੀ ॥੯॥

ਆਇਆ ਪੋਹ ਪਵੇ ਮਨ ਖੋਹ,
ਕਪੜ ਤਨ ਨ ਸੁਖਾਵੇ ਮੋਹ,
ਸਕਾਂ ਰਹਿ ਨ ਪਿਰਾ ਬਿਨ ਤੋਹਿ,
ਸਦਾ ਸਦ ਇਕੋ ਮੈਨੂੰ ਜੋਹਿ,
ਤਿਰੇ ਦਰਸਾਰ ਦੀ ॥੧੦॥

ਮਾਘ ਮਘੀ ਮਨਿ ਇਸ਼ਕ ਦੀ ਆਗ,
ਨਿਰਾਲੇ ਦਿਸਣ ਇਸ਼ਕ ਦੇ ਦਾਗ,
ਇਸ਼ਕ ਦਾ ਜਗਮਗ ਜਗੇ ਚਰਾਗ,
ਜਿਗਰ ਵਿਚ ਡਿਠੀ ਲਾਟ ਅਨੁਰਾਗ,
ਜੋਤਿ ਲ਼ਿਵਤਾਰ ਦੀ ॥੧੧॥

ਫਲਗੁਣ ਫਲਿਆ ਰਹਸ ਅਨੰਦੁ,
ਮਿਟ ਗਏ ਦੁਰਤ ਸਗਲ ਦੁਰਦੰਦ,
ਕਟ ਗਏ ਜਨਮ ਮਰਨ ਦੇ ਫੰਧ,
ਤ੍ਰੁੱਠੇ ਕਲਗੀਧਰ ਬਖ਼ਸ਼ੰਦ,
ਬਖਸ਼ ਗੁਰ ਦਿਆਰ ਦੀ ॥੧੨॥

[ਪੋਹ ਸੁਦੀ ਸਪਤਮੀ ੧੯੩੨, ਪੁਸਤਕ 'ਦਰਸ਼ਨ ਝਲਕਾਂ ਵਿਚੋਂ'



www.AKJ.Org

## ਮਹਾਨ ਤਪੱਸਵੀ, ਮਹਾਨ ਕਰਮਯੋਗੀ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਤਮ-ਸਮਾਧੀ

[ਡਾਕਟਰ ਤਾਰਨ ਸਿੰਘ ਜੀ]

ਗੋਬਿੰਦ-ਜੋਤਿ ਤਪੱਸਵੀ ਆਤਮਾ, ਪਾਰਬ੍ਰਹਮ ਦਾ ਆਦੇਸ਼ ਮਿਲਣ ਸਮੇਂ, ਹੇਮਕੁੰਟ ਪਰਬਤ ਤੇ ਸਮਾਧੀ-ਸਥਿਤ ਸੀ। ਸਮਾਧੀ ਵਿਚ 'ਦ੍ਵੈ' ਤੇ ਇਕ-ਰੂਪ ਹੋਈ ਆਤਮਾ ਦੀ ਸੁਰਤੀ ਪਾਰਬ੍ਰਹਮ ਚਰਨਨ ਵਿਚ ਚੁੱਭੀ ਹੋਈ ਸੀ ਅਤੇ ਉਸ ਦਾ ਇਸ ਆਤਮਕ ਅਕਹਿ ਸੁਖ ਨੂੰ ਤਿਆਗਣ ਲਈ ਚਿੱਤ ਨਹੀਂ ਸੀ ਕਰਦਾ—'ਚਿਤ ਨ ਭਯੋ ਹਮਰੋ ਆਵਨ ਕਹ ॥ ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹਿ ॥'* ਪਰ ਕਮਾਲ ਹੈ ਕਿ ਇਹ ਤਪੱਸਵੀ ਤੇ ਮਹਾਨ ਰਿਸ਼ੀ ਆਤਮਾ ਜੀਵ-ਸੇਵਾ ਲਈ ਯੁਧਾਂ ਵਿਚ ਵਿਚਰਦਿਆਂ ਵੀ ਸਮਾਧੀ-ਅਸਥਿਤ ਹੀ ਰਹੀ। ਗੁਰੂ ਗੋਬਿੰਦ ਸਿੰਘ ਜੀ ਦੀ ਆਤਮਕ ਸਮਾਧੀ ਰਣ-ਤੱਤੇ ਵਿਚ ਵੀ ਨਹੀਂ ਉਖੜੀ। 'ਧੰਨ ਜੀਓ ਤਿਹ ਕੋ ਜਗ ਮੈਂ, ਮੁਖ ਤੇ ਹਰਿ ਚਿਤ ਮੈਂ ਜੁਧ ਬਿਚਾਰੈ', ਹੋਰ ਤਾਂ ਕਿਧਰੇ ਸਮਾਧੀ ਕਿਥੇ ਉਖੜਨੀ ਸੀ? ਪਿਤਾ ਜੀ ਨੂੰ, ਤਿਲਕ ਜੰਞੂ ਦੀ ਰੱਖਿਆ ਲਈ ਕੁਰਬਾਨ ਕਰਨ ਸਮੇਂ, ਦੋ ਪੁਤਰਾਂ ਨੂੰ ਚਮਕੌਰ ਦੀ ਗੜ੍ਹੀ ਵਿਚੋਂ ਕੌਮ ਦੀ ਬਲੀ ਚੜ੍ਹਾਨ ਸਮੇਂ, ਦੋ ਪੁਤਰਾਂ ਨੂੰ ਸਿਰਹੰਦ ਵਿਚ ਧਰਮ ਦੀ ਅਜ਼ਾਦੀ ਦੀ ਨੀਂਹ ਵਿਚ ਚਿਣੇ ਜਾਣ ਸਮੇਂ, ਨਿਰਦੋਸ਼ ਮਾਤਾ ਦੀ ਠੰਢੇ ਬੁਰਜ ਵਿਚ ਬਿਰਦ ਪਾਲਣ ਲਈ ਆਹੂਤੀ ਦੇਣ ਸਮੇਂ, ਮਾਛੀਵਾੜੇ ਅਤੇ ਲਖੀ ਜੰਗਲਾਂ ਵਿਚ, ਵਣ ਤੇ ਕਰੀਰਾਂ ਹੇਠ, ਛਾਲੇ ਹੋਏ ਲਹੂ ਸਿਮਦੇ ਪੈਰਾਂ ਨਾਲ ਫਿਰਦਿਆਂ—ਆਪ ਸਦਾ ਸਮਾਧੀ-ਅਸਥਿਤ ਰਹੇ। ਸਮਾਧੀ ਹੈ ਹੀ ਉਹ, ਜਿਹੜੀ ਐਸੇ ਦਰਦਨਾਕ ਹਾਲਾਤ ਵਿਚ ਵੀ ਨਾ ਉਖੜੇ ਅਤੇ ਆਤਮਾ ਉਸ ਪੱਧਰ ਤੇ ਅਡੋਲ ਰਹੇ, ਜਿਹੜਾ ਪੱਧਰ ਆਪ ਜੀ ਦੇ ਤਪੱਸਵੀ-ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਨਿਸ਼ਚਿਤ ਕੀਤਾ ਸੀ। ਸਿਧ ਆਤਮਾ ਦੀ ਅਡੋਲਤਾ ਤੇ ਸਮਾਧੀ-ਸਥਿਤਾ ਇਹ ਹੈ—

ਸੋਰਠਿ ਮਹਲਾ ੯

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ, ਕੰਚਨ ਮਾਟੀ ਮਾਨੈ ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ, ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ, ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ, ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ, ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ, ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ, ਜਿਉ ਪਾਨੀ ਸੰਗਿ ਪਾਨੀ ॥੩॥੧੧॥ (ਪੰਨਾ ੬੩੪)

ਆਤਮਕ ਸਮਾਧੀ ਅਸਥਿਤ ਰਹਿਣ ਦਾ ਭਾਵ ਇਹ ਹੈ ਕਿ ਆਤਮਾ ਦੁਖ-ਸੁਖ, ਗਰੀਬੀ-ਅਮੀਰੀ, ਨਿੰਦਾ-ਉਸਤਤਿ, ਸੋਗ-ਹਰਖ, ਨਿਰਾਸਾ-ਆਸਾ ਵਿਚ ਇਕ-ਸਮਾਨ ਰਹਿ ਸਕੇ, ਤੇ ਜਿਸ ਨੂੰ ਕਾਮਾਦਿਕ ਡੋਲਾ ਨਾ ਸਕਣ। ਇਹ ਸਮਾਧੀ ਇਕ ਜੀਵਨ-ਬਿਰਤੀ ਹੈ, ਜੀਵਨ-ਢੰਗ ਹੈ, ਜੋ ਗੁਰੂ ਕਿਰਪਾ ਦੁਆਰਾ ਪ੍ਰਾਪਤ ਹੁੰਦੀ ਹੈ। ਇਹ ਪਾਰਬ੍ਰਹਮ ਨਾਲ ਅਸਲ ਅਭੇਦਤਾ ਦਾ ਪੱਧਰ ਹੈ। ਗੁਰੂ ਗੋਬਿੰਦ ਸਿੰਘ ਜੀ ਸਦਾ ਇਸ ਆਤਮ-ਮੰਡਲ ਵਿਚ ਬਿਰਾਜੇ ਹਨ ਅਤੇ ਸਾਰੀਆਂ ਸੇਵਾ ਤੇ ਲੋਕ-ਭਲਾਈ ਦੀਆਂ ਖੇਡਾਂ ਵੀ ਖੇਡੀਆਂ ਹਨ।

ਸੰਸਾਰ ਦੀ ਸੀਮਤ ਦ੍ਰਿਸ਼ਟੀ ਨੇ ਆਪ ਦੀ ਆਤਮਕ ਸਮਾਧੀ ਨੂੰ ਨਹੀਂ ਪਛਾਣਿਆ ਅਤੇ ਕਦੇ ਆਪ ਨੂੰ ਪੂਰਨ ਯੋਧਾ ਕਹਿ ਕੇ ਆਪ ਦਾ ਜਸ ਕੀਤਾ, ਕਦੇ ਮਹਾਨ ਜਰਨੈਲ ਅਤੇ ਕਦੇ ਅਨਿੰਨ ਦੇਸ਼-ਭਗਤ ਅਤੇ ਕਦੇ ਦੀਨ-

---

* ਬਚਿਤ੍ਰ ਨਾਟਕ, ਧਿਆਇ ੬, ਅੰਕ ੫,



www.AKJ.Org

ਦੁਖੀਆਂ ਦਾ ਦਰਦੀ। ਇਹ ਸਭ ਕੁਝ ਆਪ ਇਸ ਲਈ ਸਨ ਕਿ ਆਪ ਦੀ 'ਸੁਰਤਿ' ਸਦਾ ਪ੍ਰਭ-ਚਰਨਾਂ ਵਿਚ ਭੀੜੁ ਰਹੀ ਹੈ। ਆਪ ਯੋਗ-ਸਮਾਧੀ ਵਿਚ ਲੀਨ ਰਹੇ ਹਨ। ਸਮਾਧੀ ਦਾ ਆਤਮਕ ਮੰਡਲ ਆਪ ਲਈ ਪਹਿਲਾਂ ਸੀ ਅਤੇ ਦੇਸ਼-ਭਗਤੀ, ਨਿਆਂ-ਧਰਮ ਦੇ ਜੰਗ-ਜੁੱਧ ਉਸ ਆਤਮਕ ਸਮਾਧੀ ਦੇ ਕੇਵਲ ਫਲ-ਸਰੂਪ। ਇਨ੍ਹਾਂ ਕਰਤਵਾਂ ਜਾਂ ਜਿਵੇਂ ਆਪ ਨੇ ਕਹਿਆ ਹੈ, "ਬਚਿਤ੍ਰ ਨਾਟਕ" ਵਿਚ ਕੇਵਲ ਆਪ ਦੇ ਆਤਮਕ ਮੰਡਲਾਂ ਦਾ ਝਲਕਾਰਾ ਦਿਸਦਾ ਹੈ।

ਸਮਾਧੀ-ਹੀਣ, ਸਵੈ-ਉਪਮਾ ਦੇ ਭੁੱਖੇ, ਪ੍ਰਕ੍ਰਿਤਿਕ ਲਾਲਸਾ ਨਾਲ ਲਿਬੜੇ ਅਨੇਕ ਮਹਾਨ ਭੂਪ, ਬੀਰ ਤੇ ਜੋਧੇ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਵਿਸ਼ੇਸ਼ਤਾ ਸਮਾਧੀ-ਸਥਿਰਤਾ ਵਿਚ ਹੈ, ਨਿਰਾ ਰਾਜਾ, ਜਰਨੈਲ, ਜੋਧਾ, ਜੇਤੂ ਹੋਣ ਵਿਚ ਨਹੀਂ ਹੈ। ਆਤਮਕ ਮੰਡਲਾਂ ਤੋਂ ਵਿਰਵੀ ਨਿਰੀ ਬੀਰਤਾ ਦਾ ਮੁਲ ਆਪ ਨੇ ਇਹ ਪਾਇਆ—

ਜੀਤ ਫਿਰੈ ਸਭ ਦੇਸ ਦਿਸਾਨ ਕੋ, ਬਾਜਤ ਢੋਲ ਮ੍ਰਿਦੰਗ ਨਗਾਰੇ॥
ਗੁੰਜਤ ਗੂੜ ਗਜਾਨ ਕੇ ਸੁੰਦਰ, ਹਿੰਸਤ ਹੈਂ ਹਯਰਾਜ ਹਜਾਰੇ॥
ਭੂਤ ਭਵਿੱਖ ਭਵਾਨ ਕੇ ਭੂਪਤਿ, ਕਉਨੁ ਗਨੈ ਨਹੀਂ ਜਾਤ ਬਿਚਾਰੇ॥
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ, ਅੰਤ ਕੋ ਅੰਤ ਕੇ ਧਾਮ ਸਿਧਾਰੇ॥੩॥ (ਸਵੈਯੇ)

ਸੁੱਧ ਸਿਪਾਹ ਦੁਰੰਤ ਦੁਬਾਹ, ਸੁ ਸਾਜਿ ਸਨਾਹ ਦੁਰਜਾਨ ਦਲੈਂਗੇ॥
ਭਾਰੀ ਗੁਮਾਨ ਭਰੇ ਮਨ ਮੈਂ, ਕਰ ਪਰਬਤ ਪੰਖ ਹਲੇ ਨ ਹਲੈਂਗੇ॥
ਤੋਰਿ ਅਰੀਨ ਮਰੋਰਿ ਮਵਾਸਨ, ਮਾਤੇ ਮਤੰਗਨ ਮਾਨ ਮਲੈਂਗੇ॥
ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ, ਤਿਆਗਿ ਜਹਾਨੁ ਨਿਦਾਨ ਚਲੈਂਗੇ॥੫॥ (ਸਵੈਯੇ)

ਆਪ ਰਾਜੇ ਸਨ, ਪਰ ਪਹਿਲਾਂ ਯੋਗੀ ਸਨ; ਆਪ ਸਿਪਾਹੀ ਸਨ, ਪਰ ਸੰਤ ਪਹਿਲਾਂ ਸਨ। ਆਪ ਲੋਕ-ਸੇਵਕ ਸਨ, ਪਰ ਜੀਵਾਂ ਵਿਚ ਪ੍ਰਭੂ-ਆਤਮਾ ਦਾ ਪ੍ਰਕਾਸ਼ ਦੇਖ ਕੇ ਆਪ ਨੇ ਜੁੱਧ ਕੀਤੇ, ਆਪਣੇ ਪਾਰਬ੍ਰਹਮ ਦੀ ਆਗਿਆ ਲਈ ਅਤੇ ਸੱਚ ਨੂੰ ਪਾਰਬ੍ਰਹਮ ਜਾਣ ਕੇ।

ਆਤਮਕ ਸਮਾਧੀ ਵਿਚ ਵਿਚਰਨ ਵਾਲੇ ਨੂੰ ਹਰ ਜੀਵ ਵਿਚ ਪ੍ਰਭੂ-ਦਰਸ਼ਨ ਦੇ ਝਲਕਾਰੇ ਵਜਦੇ ਹਨ। ਇਕ ਕੱਲਾਲ ਆਪ ਦੇ ਦਰਸ਼ਨ ਲਈ ਆਉਂਦਾ ਹੈ, ਪਰ ਆਪ ਦੇ ਚਰਨਾਂ ਨੂੰ ਛੋਹਣ ਦੀ ਜੁਰੱਤ ਨਹੀਂ ਕਰਦਾ, ਕਿਤੇ ਅਛੂਤ ਦੀ ਛੋਹ ਗੁਰੂ ਜੀ ਨੂੰ ਨਾ ਲਗੇ। ਘਟ ਘਟ ਦੀਆਂ ਜਾਨਣ ਵਾਲਾ ਬ੍ਰਹਮ-ਯੋਗੀ ਉਠ ਕੇ ਉਸ ਨੂੰ ਜਫੀ ਪਾ ਲੈਂਦਾ ਹੈ ਅਤੇ ਉਸ ਨੂੰ 'ਗੁਰੂ ਕਾ ਲਾਲ' ਕਹਿ ਕੇ ਉਸ ਦੀ ਆਤਮਾ ਨੂੰ ਵੀ ਪ੍ਰਭੂ-ਮੰਡਲਾਂ ਵਿਚ ਚੁਕ ਕੇ ਲੈ ਜਾਂਦਾ ਹੈ ਅਤੇ ਉਸ ਨੂੰ ਸਦਾ ਲਈ ਸਮਾਧੀ-ਸਥਿਤ ਕਰ ਦਿੰਦਾ ਹੈ। ਇਹ ਉਹ ਹੀ ਸਮਾਧੀ ਹੈ, ਜਿਸ ਨੇ "ਰੰਘਰੇਟੇ ਗੁਰੂ ਕੇ ਬੇਟੇ" ਕਹਿਆ ਸੀ।

ਰੋਪੜ ਦੇ ਸੁਜਾਨ ਰਾਏ ਵੈਦ ਨੂੰ ਗਲ ਲਾਉਂਦੇ ਹਨ ਕਿ ਉਸ ਨੇ ਉਨ੍ਹਾਂ ਦੀ ਪ੍ਰਵਾਹ ਨਹੀਂ ਕੀਤੀ ਅਤੇ ਮਾਈ ਦੇ ਬੀਮਾਰੀ ਨਾਲ ਵਿਲਕਦੇ ਬੱਚੇ ਦੇ ਅਰਾਮ-ਇਲਾਜ ਦਾ ਵਧ ਧਿਆਨ ਕੀਤਾ ਹੈ। ਇਹ ਉਹ ਹੀ ਸਮਾਧੀ ਸੀ ਜਿਸ ਨੇ ਭਾਈ 'ਘਨਈਏ' ਨੂੰ ਗਲ ਲਾਇਆ ਸੀ ਕਿ ਉਹ ਫਟੜ ਹੋਏ ਮੁਗਲ ਸਿਪਾਹੀਆਂ ਨੂੰ, ਭਾਵ ਦੁਸ਼ਮਨਾਂ ਨੂੰ ਵੀ ਪਾਣੀ ਪਿਲਾ ਦਿੰਦਾ ਸੀ। ਆਪ ਨੇ ਉਸ ਨੂੰ ਮਰ੍ਹਮ ਵੀ ਦਿਤੀ ਕਿ ਰੱਬ ਦੇ ਜੀਵਾਂ ਨੂੰ ਮਰ੍ਹਮ ਲਗਾ ਦਿਤਾ ਕਰੇ। ਆਪ ਕਿਸੇ ਮੁਗ਼ਲ ਨਾਲ ਨਹੀਂ ਲੜੇ, ਆਪ ਤੇ ਕੇਵਲ ਜ਼ੁਲਮ ਵਿਰੁਧ ਲੜੇ ਹਨ। ਆਪ ਦੀ ਸਮਾਧੀ-ਅਸਥਿਤ-ਆਤਮਾ ਨੂੰ 'ਦੇਹੁਰੇ' ਤੇ 'ਮਸੀਤ' ਵਿਚ ਕੋਈ ਫ਼ਰਕ ਨਹੀਂ ਸੀ ਦਿਸਦਾ।

ਸਮਾਧੀ ਵਿਚ ਕਵੀ ਕਲਾਕਾਰ ਹੋ ਕੇ ਵਿਚਰੇ ਹਨ। 'ਜਲੇ ਹਰੀ, ਥਲੇ ਹਰੀ' ਲਿਖਾਂਦੇ ਲਿਖਾਂਦੇ ਸਮਾਧੀ-ਸਥਿਤ ਹੋ ਗਏ ਅਤੇ 'ਤੁਹੀ, ਤੁਹੀ' ਅਲਾਪ ਸੋਲਾਂ ਹਜ਼ਾਰ ਵਾਰੀ ਲਿਖਾ ਦਿਤਾ—ਲਗਾਤਾਰ ਛੇ ਘੰਟੇ 'ਤੁਹੀ, ਤੁਹੀ' ਹੀ ਕਹਿੰਦੇ ਗਏ, ਜਿਵੇਂ ਗੁਰੂ ਨਾਨਕ ਦੇਵ ਜੀ 'ਤੇਰਾ' ਦੀ ਧਾਰਨਾ ਤੋਲਦਿਆਂ 'ਤੇਰਾ, ਤੇਰਾ' ਹੀ ਕਰ ਕੇ ਧਾਰਨਾ ਪਾਉਂਦੇ ਰਹੇ।

ਆਤਮਕ ਸਮਾਧੀ ਦੇ ਰਸ ਵਿਚ ਮਗਨ ਆਤਮਾ ਹੀ 'ਨਾ ਡੱਲਾ ਨਾ ਮੱਲਾ, ਸਿੱਖਾਂ ਦਾ ਗੁਰੂ ਇਕੱਲਾ'।



www.AKJ.Org

ਕਈ ਸਮਿਆਂ ਤੇ ਕੇਵਲ ਆਪ ਹੀ ਰਹਿ ਗਏ ਅਤੇ ਸਾਰੇ ਸਾਥੀ ਸਾਥ ਛਡ ਗਏ। ਪਰ ਆਪ ਸਦਾ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਰਹੇ। ਕਿਉਂਕਿ ਆਪ ਦੀ ਸੁਰਤਿ ਸਦਾ ਪ੍ਰਭੂ-ਚਰਨਾਂ ਵਿਚ ਚੁਭੀ ਰਹੀ ਸੀ।

ਪਿਛੇ ਦਬਾ-ਦਬ ਸ਼ਤਰੂ ਸੈਨਾ ਆ ਰਹੀ ਹੈ, ਪਰ 'ਆਸਾ ਦੀ ਵਾਰ' ਦੇ ਸਮੇਂ 'ਆਸਾ ਦੀ ਵਾਰ' ਦਾ ਕੀਰਤਨ ਆਪ ਨੇ ਅਰੰਭ ਕਰਾ ਦਿਤਾ। ਇਹੋ ਆਤਮਕ ਸਮਾਧੀ ਵਿਚ ਜੀਣਾ ਹੈ। ਬੇਦਾਵਾ ਲਿਖ ਕੇ ਦੇ ਆਏ ੪੦ ਸਿਖ ਮੁਕਤਸਰ ਦੇ ਜੁੱਧ ਵਿਚ ਸ਼ਹੀਦ ਹੋ ਗਏ। ਆਪ ਨੇ ਆਪ ਉਨ੍ਹਾਂ ਦੇ ਮੂੰਹ ਸਾਫ਼ ਕੀਤੇ। ਆਤਮਕ ਮੰਡਲਾਂ ਦਾ ਵਾਸੀ ਗੁਰੂ ਤੇ ਕਿਸੇ ਦਾ ਸਾਥ ਨਹੀਂ ਛਡ ਸਕਦਾ।

ਇਹ ਮਹਾਨ ਤਪੱਸਵੀ ਮਹਾਨ ਕਰਮ-ਯੋਗੀ ਹੋਇਆ ਹੈ, ਪਰ ਨਿਸ਼ਕਾਮ ਕਰਮ-ਯੋਗੀ, ਜਿਵੇਂ ਗੀਤਾ ਦਾ ਫ਼ਲਸਫ਼ਾ ਹੈ। ਇਸ ਕਰਮ-ਯੋਗੀ ਨੇ ਹਰ ਕਰਤੱਵ ਜੰਗ-ਜੁੱਧ ਇਸ ਲਈ ਕੀਤਾ ਹੈ ਕਿ ਇਹ ਵੀ ਪ੍ਰਭੂ-ਪੂਜਾ ਦਾ ਹੀ ਰੂਪ ਹੈ। ਸੇਵਾ ਹੀ ਪ੍ਰਭੂ-ਪੂਜਾ ਹੈ। ਆਪ ਨੇ ਆਪਣੇ ਆਪ ਦਾ ਇਨ੍ਹਾਂ ਕਰਤੱਵਾਂ ਵਿਚੋਂ ਬਿਲਕੁਲ ਅਭਾਵ ਕਰ ਦਿਤਾ ਹੈ। ਇਹ ਸਭ ਕੁਝ ਪ੍ਰਭੂ-ਹੁਕਮ ਮੰਨ ਕੇ 'ਕੀਟ', 'ਦਾਸ' ਤੇ 'ਸੇਵਕ' ਹੋ ਕੇ ਨਿਭਾਇਆ ਹੈ। ਆਪਣੀਆਂ ਜਿੱਤਾਂ ਨੂੰ 'ਕ੍ਰਿਪਾ ਕਾਲ ਕੇਰੀ'* ਕਹਿਆ ਹੈ। ਅਨਿਆਂ ਵਿਰੁਧ ਲੜਦਿਆਂ ਸਦਾ ਪ੍ਰਭੂ-ਸ਼ਕਤੀ ਪਾਸ ਅਰਦਾਸ ਕੀਤੀ ਹੈ ਕਿ ਸਹਾਇਤਾ ਕਰੋ—'ਹਮਰੀ ਕਰੋ ਹਾਥ ਦੈ ਰੱਛਾ', ਕਿਉਂਕਿ ਮੈਂ ਤੇਰੀ ਸਰਣ ਪਇਆ ਹਾਂ–

'ਖੜਕ-ਕੇਤ ਮੈ ਸਰਣਿ ਤਿਹਾਰੀ ॥' ੨੫॥ (ਚੌਪਈ)

ਅਤੇ—ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥ (ਦੋਹਰਾ)

ਗੁਰੂ ਗੋਬਿੰਦ ਸ਼ਿੰਘ ਜੀ ਨੇ ਕੌਮ-ਪ੍ਰਸਤੀ, ਨਿਰਭੈਤਾ, ਨਿਰਵੈਰਤਾ, ਸਚਾਈ, ਦੈਂਤ ਬਿਰਤੀ ਤੇ ਅਧਰਮ ਵਿਰੁਧ ਜੰਗ ਦੇ ਨਾਹਰੇ ਦਿਤੇ। ਆਪ ਦਾ ਸੱਦਾ ਸੁਣ ਕੇ ਭਾਰਤੀ ਜਨਤਾ ਆਪ ਦੇ ਝੰਡੇ ਥਲੇ ਜਮ੍ਹਾਂ ਹੋ ਗਈ, ਕਿਉਂਕਿ ਗੁਰੂ ਜੀ ਆਪ ਪ੍ਰਭੂ-ਭਗਤੀ ਵਿਚ ਮਗਨ ਹੋਣ ਕਰਕੇ ਸੱਚ, ਪ੍ਰੇਮ ਤੇ ਤਿਆਗ ਦਾ ਮੁਜੱਸਮ ਸਨ, ਉਹ ਆਪ ਕੁਰਬਾਨੀ ਦੇ ਪੁੰਜ ਸਨ ਅਤੇ ਮਾਨਵਤਾ ਲਈ ਕੋਈ ਵੀ ਕੁਰਬਾਨੀ ਕਰਨ ਨੂੰ ਤਿਆਰ ਸਨ।

ਪਰ ਆਪ ਨੇ ਕੌਮ ਨੂੰ ਕਰਮ-ਯੋਗੀ ਹੋਣ ਤੋਂ ਪਹਿਲਾਂ ਭਗਤੀ-ਯੋਗ ਪ੍ਰਦਾਨ ਕੀਤਾ। ਕਿਉਂਕਿ ਜਿਥੇ ਭਗਤੀ ਤੇ ਪ੍ਰੇਮ ਦੀ ਸਮਾਧੀ ਨਹੀਂ ਹੈ, ਉਹ ਕੌਮ ਕਦੇ ਜੀਅ ਹੀ ਨਹੀਂ ਸਕਦੀ। ਗੁਰੂ ਨਾਨਕ-ਗੋਬਿੰਦ ਜੋਤਿ ਨੇ ਸਾਰਿਆਂ ਜਾਮਿਆਂ ਵਿਚ ਭਗਤੀ ਦਾ ਦਰਜਾ ਪਹਿਲਾ ਰਖਿਆ ਹੈ ਅਤੇ ਕਰਮ-ਸ਼ਕਤੀ ਦਾ ਦੂਜਾ।

ਸੋ 'ਦਸਮੇਸ਼ ਜੀ' ਨਿਰੇ ਰਾਜਾ, ਜੋਧਾ, ਸੁਧਾਰਕ, ਸਿਪਾਹੀ ਨਹੀਂ ਸਨ, ਉਹ ਤਾਂ ਸ਼ਕਤੀ ਦੀ ਵਰਤੋਂ ਕਰਦੇ ਹੋਏ ਵੀ ਭਗਤੀ ਨੂੰ ਮੁਖ ਰਖਦੇ ਰਹੇ। ਸਿਖ ਧਰਮ ਸ਼ਕਤੀਸ਼ਾਲੀ ਧਰਮ ਹੈ, ਕਰਮ-ਯੋਗ ਦਾ ਧਰਮ ਹੈ, ਕੌਮੀਅਤ-ਪ੍ਰਸਤੀ, ਦੇਸ਼-ਸੇਵਾ, ਲੋਕ-ਸੇਵਾ ਦਾ ਧਰਮ ਹੈ, ਪਰ ਹੈ ਇਸੇ ਲਈ ਕਿ ਉਹਦਾ ਬੁਨਿਆਦੀ ਸਿਧਾਂਤ ਪ੍ਰਭੂ-ਭਗਤੀ, ਆਤਮਕ ਸਮਾਧੀ ਤੇ ਪ੍ਰੇਮ ਦਾ ਹੈ। ਕੌਮਾਂ ਭਗਤੀ ਤੇ ਆਤਮਕ ਵਿਸ਼ਵਾਸ ਨਾਲ ਜੀਂਦੀਆਂ ਹਨ, ਨਿਰੇ ਫੌਜੀ ਬਲ ਤੇ ਪਦਾਰਥਕ ਸ਼ਕਤੀ ਦੇ ਆਸਰੇ ਨਹੀਂ ਜੀਂਦੀਆਂ।

*ਬਚਿਤ੍ਰ ਨਾਟਕ, ਧਿਆਇ ੮, ਅੰਕ ੩੪

## ਜੋਤਿ ਵਿਗਾਸ

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਮਹਾਂ-ਕਾਵਿ 'ਜੋਤਿ ਵਿਗਾਸ' ਪੁਸਤਕ ਛਪ ਗਈ ਹੈ। ਇਹ ਪੁਸਤਕ ਨਾਗਪੁਰ ਜੇਲ੍ਹ ਵਿਚ ਲਗਾਤਾਰ ਸਤ ਦਿਨ ਤੇ ਸਤ ਰਾਤਾਂ ਭਾਈ ਸਾਹਿਬ ਇਲਾਹੀ ਰੰਗਾਂ ਵਿਚ ਆ-ਮੁਹਾਰੀ ਉਤਰ ਰਹੀ ਕਵਿਤਾ ਦੇ ਵੇਗ ਵਿਚ ਲਿਖੀ ਤੁਰੇ ਗਏ। ਇਸ ਪੁਸਤਕ ਵਿਚ ਰੂਹਾਨੀਅਤ ਦੇ ਵਖੋ ਵਖ ਚਮਤਕਾਰਾਂ ਦਾ ਬਿਆਨ ਪ੍ਰੇਮ-ਵਲਵਲੇ ਦੇ ਉਠਾਉ ਤੇ ਲਹਿਰਾਉ ਵਿਚ ਲੜੀ-ਬਝਵਾਂ ਚਲ ਰਿਹਾ ਹੈ। ਪੁਸਤਕ ਕੀ ਹੈ, ਗੁਰਮਤਿ ਵਿਆਖਿਆ ਦੀ ਅਧਿਭੁਤ ਛੰਦਾਵਲੀ ਹੈ, ਜਿਸ ਵਿਚ ਗੁਰਮਤਿ ਨਾਮ ਸਿਮਰਨ ਤੇ ਗੁਰਮਤਿ ਰਹਿਤ ਮਰਯਾਦਾ ਦਾ ਨਿਰਣਾ ਆ ਜਾਂਦਾ ਹੈ। ਕਾਗਜ਼ ਵਧੀਆ, ਦੋ ਰੰਗੀ ਛਪਾਈ, ਰੈਕਸੀਅਨ ਦੀ ਜਿਲਦ, ਭੇਟਾ 17–50

www.AKJ.Org

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

[ਸ: ਸਵਰਨ ਸਿੰਘ ਜੀ ਪਿੰਡ ਢੰਗਰਾਲੀ, ਰੋਪੜ]

ਕੁਦਰਤ ਦੀ ਨਿਯਮਾਵਲੀ ਦਾ ਸਿਧਾਂਤ ਹੈ ਕਿ ਜਿਸ ਮਨੁੱਖ, ਕੌਮ ਤੇ ਧਰਮ ਨੂੰ ਖ਼ਤਮ ਕਰਨਾ ਹੋਵੇ, ਪ੍ਰਮਾਤਮਾ ਉਸ ਵਿਚੋਂ ਸਭ ਚੰਗਿਆਈਆਂ ਖੋਹ ਲੈਂਦਾ ਹੈ। ਅਜਿਹਾ ਕੁਝ ਉਸ ਦੀਆਂ ਅਣਮਨੁਖੀ ਗ਼ਲਤ ਨੀਤੀਆਂ ਅਤੇ ਭੈੜੇ ਕਰਮਾਂ ਕਰਕੇ ਹੁੰਦਾ ਹੈ। ਜਦੋਂ ਮਨੁੱਖ ਵਿਚੋਂ ਅੱਛੇ ਗੁਣ ਨਿਕਲ ਜਾਣ, ਫਿਰ ਉਹ ਹੈਵਾਨ, ਦੁਸ਼ਟ, ਜ਼ਾਲਮ, ਦੁਰਾਚਾਰੀ, ਅਧਰਮੀ ਬਣ ਜਾਂਦਾ ਹੈ। ਐਸੇ ਮਨੁਖਾਂ ਕਰਕੇ ਦੁਨੀਆ ਨਰਕਮਈ ਸਮਾਜ ਬਣ ਜਾਂਦਾ ਹੈ। ਅਜਿਹੀ ਹਾਲਤ ਵਿਚ ਸੰਸਾਰ ਦੇ ਸੁਧਾਰ, ਧਰਮ ਦੇ ਉਭਾਰਨ ਅਤੇ ਦੁਸ਼ਟ-ਅਧਰਮੀਆਂ ਨੂੰ ਨਿਵਾਰਨ ਲਈ ਪ੍ਰਭੂ ਵਲੋਂ ਕਿਸੇ ਮਹਾਨ ਸ਼ਕਤੀ ਨੂੰ ਮਾਤ ਲੋਕ ਵਿਚ ਭੇਜਿਆ ਜਾਂਦਾ ਹੈ।

ਸਰਬੰਸ ਦਾਨੀ, ਸੰਤ ਸਿਪਾਹੀ, ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਐਸੀ ਹੀ ਮਹਾਨ ਸ਼ਕਤੀ ਸਨ। ਜਿਨ੍ਹਾਂ ਅਨਿਆਂ, ਧੱਕੇਸ਼ਾਹੀ, ਜਬਰ, ਜ਼ੁਲਮ ਵਿਰੁਧ ਅਤੇ ਮਨੁੱਖਤਾ ਦੀ ਭਲਾਈ ਹਿਤ ਲੜਦਿਆਂ ਸਰਬੰਸ ਦੀ ਅਹੂਤੀ ਦੇ ਦਿਤੀ। ਗੁਰੂ ਜੀ ਦੇ ਸਮੇਂ ਮੁਗ਼ਲ ਹਕੂਮਤ ਅਤਿ ਦਰਜੇ ਦੀ ਨਿਰਦਈ ਤੇ ਜ਼ਾਲਮ ਸੀ। ਸੱਚ, ਬੋਲਣ ਵਾਲੇ ਸੰਤਾਂ ਭਗਤਾਂ ਦਾ ਕਤਲ ਕਰਨਾ ਅਤੇ ਹਿੰਦੂ ਧਰਮ-ਅਸਥਾਨਾਂ ਨੂੰ ਢਾਹ-ਢੇਰੀ ਕਰਨਾ ਉਨ੍ਹਾਂ ਦਾ ਸ਼ੁਗਲ ਜਿਹਾ ਬਣ ਗਿਆ ਸੀ। ਇਸ ਘੋਰ ਅਨਿਆਂ ਵਿਰੁੱਧ ਦੇਸ਼-ਵਾਸੀਆਂ ਨੂੰ ਲਾਮਬੰਦ ਕਰ ਕੇ ਗੁਰੂ ਜੀ ਨੇ ਜ਼ਾਲਮ ਸਰਕਾਰ ਵਿਰੁਧ ਧਰਮ ਯੁੱਧ ਕੀਤੇ ਅਤੇ ਭੰਗਾਣੀ, ਨਦੌਣ ਤੇ ਹੁਸੈਨੀ ਦੇ ਯੁੱਧਾਂ ਵਿਚ ਵੈਰੀਆਂ ਦੇ ਛੱਕੇ ਛੁੜਾ ਦਿਤੇ। ਬਾਈਧਾਰ ਦੇ ਪਹਾੜੀ ਰਾਜਿਆਂ, ਦਿੱਲੀ ਦੀ ਫ਼ੌਜ ਅਤੇ ਪੰਜਾਬ ਸੂਬੇ ਦੀ ਫ਼ੌਜ ਨੇ ਰਲ ਕੇ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਤਹਿਤ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਕਈ ਮਹੀਨਿਆਂ ਦੀ ਲੜਾਈ ਤੋਂ ਬਾਅਦ ਵੀ ਫ਼ੌਜਾਂ ਨਾ ਤਾਂ ਅਨੰਦਪੁਰ ਸਾਹਿਬ ਨੂੰ ਆਪਣੇ ਕਬਜ਼ੇ ਵਿਚ ਕਰ ਸਕੀਆਂ, ਨਾ ਹੀ ਗੁਰੂ ਸਾਹਿਬ ਨੂੰ ਫੜਨ ਵਿਚ ਸਫਲ ਹੋਈਆਂ। ਹੁਣ ਉਨ੍ਹਾਂ ਧੋਖੇ ਨਾਲ ਅਨੰਦਪੁਰ ਸਾਹਿਬ ਛੁਡਾਉਣਾ ਚਾਹਿਆ। ਪਹਾੜੀ ਹਿੰਦੂ ਰਾਜਿਆਂ ਨੇ ਗਊ ਦੀ ਸੁਗੰਧ ਅਤੇ ਮੁਗਲ ਜਰਨੈਲਾਂ ਨੇ ਕੁਰਾਨ ਸ਼ਰੀਫ ਦੀ ਸੁਗੰਧ ਚੁਕ ਕੇ ਕਹਿ ਭੇਜਿਆ ਕਿ ਜੇਕਰ ਤੁਸੀਂ ਕਿਲ੍ਹਾ ਛਡ ਦੇਵੋ ਤਾਂ ਸ਼ਾਹੀ ਫੌਜਾਂ ਤੁਹਾਨੂੰ ਕੁਝ ਨਹੀਂ ਕਹਿਣਗੀਆਂ। ਖਾਲਸੇ ਦੀ ਰਾਇ ਨਾਲ ਗੁਰੂ ਜੀ ਨੇ ੬-੭ ਪੋਹ ਸੰਮਤ ੧੭੬੨ ਬਿ: ਦੀ ਵਿਚਕਾਰਲੀ ਰਾਤ ਨੂੰ ਅਨੰਦਪੁਰ ਸਾਹਿਬ ਖ਼ਾਲੀ ਕਰ ਦਿਤਾ।

**ਸਹੁੰਆਂ ਤੋੜ ਕੇ ਮੁਗਲ ਫ਼ੌਜ ਵਲੋਂ ਹਮਲਾ—**

ਗੁਰੂ-ਪ੍ਰਵਾਰ ਸਮੇਤ ਖਾਲਸਾ ਵਹੀਰ ਅਜੇ ਕੁਝ ਮੀਲਾਂ ਦੀ ਦੂਰੀ ਤੇ ਹੀ ਕੀਰਤਪੁਰ ਸਾਹਿਬ ਪੁਜੀ ਸੀ ਕਿ ਸ਼ਾਹੀ ਸੈਨਾ ਨੇ ਗਊ ਅਤੇ ਕੁਰਾਨ ਸ਼ਰੀਫ਼ ਦੀਆਂ ਕਸਮਾਂ ਨੂੰ ਛਿੱਕੇ ਟੰਗ ਕੇ ਹਮਲਾ ਕਰ ਦਿਤਾ। ਖਾਲਸਾ ਫ਼ੌਜ ਨੇ ਅਗੋਂ ਡਟਵਾਂ ਜਵਾਬ ਤਲਵਾਰ ਨਾਲ ਹੀ ਦਿਤਾ। ਦੋਵੇਂ ਫ਼ੌਜਾਂ ਲੜਦੀਆਂ ਭਿੜਦੀਆਂ ਸਰਸਾ ਕਿਨਾਰੇ ਆ ਪੁਜੀਆਂ। ਪੋਹ ਦੀ ਠੰਢੀ ਤੇ ਘੁਪ ਹਨੇਰੀ ਰਾਤ ਸੀ, ਹੱਥ ਮਾਰਿਆ ਨਜ਼ਰ ਨਹੀਂ ਸੀ ਆ ਰਿਹਾ। ਸਰਦੀ ਖ਼ੂਨ ਜਮਾਉਂਦੀ ਜਾ ਰਹੀ ਸੀ। ਪਰ ਸੂਰਮੇ ਧਰਮ ਲਈ ਤਲਵਾਰਾਂ, ਨੇਜ਼ੇ ਆਦਿ ਜ਼ੋਰ ਲਾ ਲਾ ਚਲਾ ਰਹੇ ਸਨ। ਖ਼ਾਲਸਾ ਫ਼ੌਜ ਦੇ ਮਗਰ ਵੈਰੀ ਹੜ੍ਹ ਵਾਂਗੂ ਧਾਈ ਕਰਦਾ ਆ ਰਿਹਾ ਸੀ। ਸਾਹਮਣੇ ਸਰਸਾ ਪੂਰੇ ਜੋਬਨ ਵਿਚ ਠਾਠਾਂ ਮਾਰਦੀ ਵਹਿ ਰਹੀ ਸੀ। ਗੁਰੂ ਜੀ ਨੇ ਸਿੰਘਾਂ ਨੂੰ ਨਦੀ ਪਾਰ ਕਰਨ ਦਾ ਹੁਕਮ ਦੇ ਦਿਤਾ। ਕੁਝ ਸਿੰਘਾਂ ਨੇ ਮੁਗਲਾਂ ਦੀ ਵਧਦੀ ਆ ਰਹੀ ਫੌਜ ਨੂੰ ਉਦੋਂ ਤਕ ਰੋਕੀ ਰਖਿਆ, ਜਦੋਂ ਤਕ ਗੁਰੂ ਜੀ ਅਤੇ ਖਾਲਸਾ ਸਰਸਾ ਨੂੰ ਪਾਰ ਨਹੀਂ ਕਰ ਗਿਆ। ਅੰਤ ਉਹ ਸਿੰਘ ਆਪ ਲੜਦਿਆਂ ਹੋਇਆਂ ਉਥੇ ਹੀ ਸ਼ਹਾਦਤ ਪਾ ਗਏ। ਨਦੀ ਪਾਰ ਕਰਨ ਵਾਲੇ ਕੁਝ ਸਿੰਘ ਅਤੇ "ਵਿਦਿਆ-ਧਰ" ਗ੍ਰੰਥ, ਜੋ ੫੨ ਕਵੀਆਂ ਦੀ ਕ੍ਰਿਤ ਸੀ, ਸਰਸਾ ਦੀ ਭੇਟ ਹੋ ਗਿਆ। ਇਸ ਹਫੜਾ-ਦਫੜੀ ਅਤੇ ਘੋਰ ਹਨੇਰੇ ਕਾਰਨ ਗੁਰੂ-ਪ੍ਰਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ: ਇਕ ਪਾਸੇ ਗੁਰੂ ਮਹਿਲ ਮਾਤਾ ਸੁੰਦਰੀ ਜੀ ਅਤੇ ਸਾਹਿਬ ਕੌਰ ਸਨ, ਦੂਜੇ ਹਿੱਸੇ ਵਿਚ ਵੱਡੇ ਸਾਹਿਬਜ਼ਾਦੇ ਅਜੀਤ



www.AKJ.Org

ਸਿੰਘ ਤੇ ਜੁਝਾਰ ਸਿੰਘ ਜੀ ਆਪਣੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਸਾਥ ਸਨ, ਤੀਜੇ ਹਿੱਸੇ ਵਿਚ ਬਿਰਧ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਫਤਹ ਸਿੰਘ ਜੀ ਸਨ। ਇਸ਼ ਤਰ੍ਹਾਂ ਸਰਸਾ-ਕਿਨਾਰੇ ਗੁਰੂ ਪ੍ਰਵਾਰ ਖੇਰੂੰ ਖੇਰੂੰ ਹੋ ਗਿਆ।

## ਤੀਜੀ ਧਿਰ *ਸਹੇੜੀ ਤੋਂ ਸਰਹਿੰਦ ਕਿਵੇਂ ਪੁਜੀ ?

ਰਾਤ ਦੇ ਹਨੇਰੇ ਵਿਚ ਜਿਸਨੂੰ ਜਿਧਰ ਦਾ ਰਾਹ ਮਿਲਿਆ, ਤੁਰ ਪਿਆ। ਇਸ ਰੌਲੇ ਗੌਲੇ ਵਿਚ ਗੰਗਾ ਰਾਮ (ਗੰਗੂ) ਮਾਤਾ ਜੀ ਨਾਲ ਆ ਮਿਲਿਆ। ਇਹ ਪਿੰਡ ਖੇੜੀ ਦਾ ਵਸਨੀਕ ਸੀ। ਆਪਣਾ ਇਲਾਕਾ ਹੋਣ ਕਰਕੇ ਰਾਹ-ਪੈਂਡੇ ਦਾ ਭੇਤੀ ਸੀ। ਇਹ ੨੧-੨੨ ਸਾਲਾਂ ਤੋਂ ਗੁਰੂ ਘਰ ਦੀ ਸੇਵਾ ਕਰਦਾ ਆ ਰਿਹਾ ਸੀ। ਇਸ ਨੇ ਮਾਤਾ ਜੀ ਨੂੰ ਪਿੰਡ ਜਾਣ ਦੀ ਬੇਨਤੀ ਕੀਤੀ। ਇਸ ਦਾ ਪਿੰਡ ਇਥੋਂ ਲਗ ਪਗ ੩੦ ਕਿਲੋਮੀਟਰ ਸੀ। ਮਾਤਾ ਜੀ ਗੰਗਾ ਰਾਮ ਦੇ ਨਾਲ ਦੋਹਾਂ ਸਾਹਿਬਜ਼ਾਦਿਆਂ ਸਮੇਤ ਜੰਗਲੀ ਰਸਤਿਆਂ ਥਾਣੀਂ ਪਿੰਡ ਸਹੇੜੀ ਪੁਜ ਗਏ। ਰਤਨ ਸਿੰਘ ਭੰਗੂ ਲਿਖਦੇ ਹਨ :—"ਲੈ ਮਾਤਾ ਨਿਜ ਗਇਓ ਗਰਾਮ ॥

ਸਹੇੜੀ ਥਾ ਉਸ ਕੋ ਨਾਮ ॥" [ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੬੨]

੭ ਪੋਹ ਦਾ ਦਿਨ ਢਲਣ ਲਗਾ। ਉਧਰ ਗੰਗਾ ਰਾਮ ਮਾਤਾ ਜੀ ਪਾਸ ਮਾਇਆ ਦੀ ਖ਼ੁਰਜੀ ਵੇਖ ਕੇ ਡੋਲ ਗਿਆ। ਨੀਤ, ਬਦਨੀਤ ਹੋ ਉਠੀ, ਮਾਇਆ ਦੀ ਲਾਲਸਾ ਨੇ ਉਸਨੂੰ ਅੰਨ੍ਹਾ ਕਰ ਦਿਤਾ। ਸੋ ਉਸ ਨੇ ਰਾਤੀਂ ਮਾਇਆ ਚੁਰਾਉਣ ਦੀ ਵਿਉਂਤ ਬਣਾ ਲਈ। ਸੰਧਿਆ ਵੇਲੇ ਬਿਰਧ ਮਾਤਾ ਨੇ ਆਪਣੇ ਨੰਨ੍ਹੇ-ਨੰਨ੍ਹੇ ਪੋਤਰਿਆਂ ਨਾਲ ਗੁਰਬਾਣੀ ਦਾ ਪਾਠ ਕੀਤਾ। ਭੋਜਨ ਛਕਣ ਤੋਂ ਬਾਅਦ ਮਾਤਾ ਜੀ ਨੇ ਦੋਨੋਂ ਬੱਚਿਆਂ ਨੂੰ ਸੱਜੀ ਖੱਬੀ ਗੋਦ ਵਿਚ ਲਿਆ ਅਤੇ ਪਿਆਰ ਦਾ ਨਿੱਘ ਦੇ ਕੇ ਸੁਆ ਦਿਤੇ। ਫਿਰ ਮਾਤਾ ਜੀ ਵੀ ਬਿਸਰਾਮ ਲਈ ਨਾਲ ਹੀ ਲੇਟ ਗਏ। ਉਨ੍ਹਾਂ ਨੂੰ ਸੁੱਤਿਆਂ ਜਾਣ ਕੇ ਗੰਗੂ ਦੱਬੇ ਪੈਰੀਂ ਗਿਆ ਅਤੇ ਖੁਰਜੀ ਚੁਰਾ ਕੇ ਲੁਕਾ ਦਿਤੀ। ਆਪਣੀ ਕਾਲੀ ਕਰਤੂਤ ਨੂੰ ਛੁਪਾਉਣ ਖ਼ਾਤਰ ਉਚੀ ਅਵਾਜ਼ ਵਿਚ ਚੋਰ ਚੋਰ ਦਾ ਰੌਲਾ ਪਾਉਣ ਲਗ ਪਿਆ। ਸਾਰਾ ਨਾਟਕ ਵੇਖ ਕੇ ਮਾਤਾ ਜੀ ਨੇ ਗੰਗੂ ਨੂੰ ਆਪਣੇ ਪਾਸ ਸੱਦਿਆ ਤੇ ਕਹਿਣ ਲਗੇ, "ਗੰਗਾ ਰਾਮ, ਜੇਕਰ ਤੈਨੂੰ ਮਾਇਆ ਦੀ ਜ਼ਰੂਰਤ ਸੀ ਤਾਂ ਸਾਥੋਂ ਮੰਗ ਕੇ ਲੈ ਲੈਣੀ ਸੀ, ਧਨ ਚੁਰਾਉਣ ਤੇ ਰੌਲਾ ਪਾਉਣ ਦੀ ਕੀ ਲੋੜ ਸੀ। ਪ੍ਰਵਾਰ ਦੇ ਮੈਂਬਰਾਂ ਤੋਂ ਇਲਾਵਾ ਇਥੇ ਆਇਆ ਹੀ ਕੌਣ ਹੈ?" ਮਾਤਾ ਜੀ ਚੋਰੀ ਦੀ ਘਟਨਾ ਖ਼ੁਦ ਆਪਣੀ ਅੱਖੀਂ ਵੇਖ ਰਹੇ ਸਨ। ਗੰਗੂ ਨੂੰ ਸੱਚੀਆਂ ਤੇ ਖ਼ਰੀਆਂ ਗੱਲਾਂ ਜ਼ਹਿਰ ਸਮਾਨ ਲਗੀਆਂ। ਉਹ ਕ੍ਰੋਧ ਵਿਚ ਭੜਕ ਉਠਿਆ ਅਤੇ ਮਾਤਾ ਜੀ ਨੂੰ ਆਖਣ ਲਗਾ, 'ਤੁਹਾਨੂੰ ਪਤਾ ਹੈ ਕਿ ਤੁਸੀਂ ਹਕੂਮਤ ਦੇ ਬਾਗ਼ੀ ਹੋ ਅਤੇ ਮੇਰੀ ਜ਼ੁਬਾਨ ਖੁਲ੍ਹਣ ਤੇ ਤੁਹਾਨੂੰ ਗ੍ਰਿਫ਼ਤਾਰ ਕਰ ਕੇ ਸਰਕਾਰ ਮੌਤ ਦੀ ਸਜ਼ਾ ਦੇ ਦੇਵੇਗੀ। ਮੈਂ ਤੁਹਾਨੂੰ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਸਹਾਰਾ ਦਿਤਾ ਹੈ, ਤੁਸਾਂ ਮੇਰੇ ਉਤੇ ਹੀ ਚੋਰੀ ਦਾ ਇਲਜ਼ਾਮ ਲਾ ਦਿਤਾ।" ਮਾਤਾ ਜੀ ਨੇ ਗੰਗੂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, "ਗੰਗਾ ਰਾਮ, ਜੋ ਕੁਝ ਹੋਇਆ, ਸੋ ਹੋ ਗਿਆ। ਤੈਨੂੰ ਮਾਇਆ ਦੀ ਜ਼ਰੂਰਤ ਹੈ, ਤੂੰ ਵਰਤ ਲੈਣੀ।" ਮਾਤਾ ਇਹ ਕਹਿ ਕੇ ਆਪਣੇ ਪੋਤਰਿਆਂ ਪਾਸ ਅਰਾਮ ਕਰਨ ਲਗ ਪਏ। ਗੰਗੂ ਵੀ ਜਾ ਬਿਸਤਰੇ ਤੇ ਪਿਆ, ਪਰ ਉਸ ਨੂੰ ਬੇਈਮਾਨ ਮਨ ਸੌਣ ਨਹੀਂ ਸੀ ਦੇਂਦਾ।

ਮੰਦੇ ਭਾਗ, ਪੈਸੇ ਦੇ ਲਾਲਚ ਨੇ ਪਾਪੀ ਮਨ ਨੂੰ ਵਿਸਾਹਘਾਤ ਕਰਨ ਦੇ ਕੁਮਾਰਗ ਪਾ ਦਿਤਾ। ਇਨ੍ਹਾਂ ਚਿਤਵਨੀਆਂ ਵਿਚ ਹੀ ਗੰਗੂ ਨੇ ਰਾਤ ਔਖੀ ਸੌਖੀ ਲੰਘਾਈ। ੮ ਪੋਹ ਦੀ ਸਵੇਰੇ, ਸੂਰਜ ਦੀ ਟਿੱਕੀ ਨਿਕਲਦਿਆਂ ਹੀ ਉਹ ਮੋਰਿੰਡਾ (ਜ਼ਿਲਾ ਰੋਪੜ) ਵੱਲ ਰਵਾਨਾ ਹੋ ਗਿਆ। ਉਹ ਇਥੋਂ ਦੇ ਚੌਧਰੀ ਜਾਨੀ ਖ਼ਾਂ ਮਾਨੀ ਖ਼ਾਂ ਰੰਘੜ ਭਰਾਵਾਂ ਪਾਸ ਪੁਜਾ। ਉਨ੍ਹਾਂ ਨੂੰ ਮਾਤਾ ਗੁਜਰੀ ਜੀ ਅਤੇ ਪੋਤਰਿਆਂ ਨੂੰ ਪਕੜਨ ਦੀ ਪ੍ਰੇਰਨਾ ਕੀਤੀ। ਰੰਘੜ

* ਸਹੇੜੀ ਪਿੰਡ ਰੋਪੜ ਮੋਰਿੰਡਾ ਸੜਕ ਤੇ ਮੋਰਿੰਡੇ ਤੋਂ ਰੋਪੜ ਵਲ ਤਿੰਨ ਕਿਲੋਮੀਟਰ ਦੀ ਦੂਰੀ ਤੇ ਹੈ। ਇਸ ਦਾ ਪਹਿਲਾ ਨਾਂ ਖੇੜੀ ਸੀ। ਬੰਦਾ ਸਿੰਘ ਨੇ ਇਸ ਨੂੰ ਢਾਹ-ਢੇਰੀ ਕਰ ਦਿਤਾ ਸੀ। ਮੁੜ ਕੇ ਵਸੇ ਪਿੰਡ ਦਾ ਨਾਂ ਸਹੇੜੀ ਹੋ ਗਿਆ।



www.AKJ.Org

ਭਰਾਵਾਂ ਨੇ ਇਸ ਨੂੰ ਚੰਗਾ ਅਵਸਰ ਸਮਝਿਆ। ਕੋਤਵਾਲੀ ਤੋਂ ਪੁਲੀਸ ਨਾਲ ਲਈ ਅਤੇ ਪਿੰਡ ਸਹੇੜੀ ਗੰਗੂ ਦੇ ਘਰੋਂ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸਹੇੜੀ ਪਿੰਡ ਤੋਂ ਰੱਥ* ਵਿਚ ਬਿਠਾ ਕੇ ਰੰਘੜ ਆਪਣੇ ਘਰ ਮੋਰਿੰਡੇ ਲੈ ਗਏ। ਅਤੇ ਸੂਬਾ ਸਰਹਿੰਦ "ਵਜ਼ੀਰ ਖਾਨ" ਨੂੰ ਖ਼ਬਰ ਪੁਜਦੀ ਕਰ ਦਿਤੀ। ਭਾਈ ਰਤਨ ਸਿੰਘ ਜੀ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਦੇ ਪੰਨਾ ੬੨ ਤੇ ਲਿਖਦੇ ਹਨ :—

"ਜਾਨੀ ਮਾਨੀ ਖਾਂ ਰੰਘੜ ਦੁਇ ਭਾਈ॥ ਉਨ ਆਨ ਮੋਰਿੰਡੇ ਘਰ ਰਖੇ ਬਹਾਈ॥"

ਦਾਦੀ ਪੋਤਰਿਆਂ ਨੂੰ ਦੂਸਰੇ ਦਿਨ ੯ ਪੋਹ ਨੂੰ ਪੁਲੀਸ ਪਹਿਰੇ ਵਿਚ ਸਰਹਿੰਦ ਲਿਆਂਦਾ ਗਿਆ।

**ਦਾਦੀ ਪੋਤਰੇ ਠੰਢੇ ਬੁਰਜ ਵਿਚ ਕੈਦ ਤੇ ਸ਼ਹਾਦਤ–**

ਸਰਹਿੰਦ ਦੇ ਸੂਬੇ "ਵਜ਼ੀਰ ਖਾਨ" ਦੇ ਹੁਕਮ ਅਨੁਸਾਰ ਦਾਦੀ ਪੋਤਰਿਆਂ ਨੂੰ ਠੰਢੇ ਬੁਰਜ ਵਿਚ ਕੈਦ ਕਰ ਦਿਤਾ ਗਿਆ। ਪੋਹ ਦੀਆਂ ਕਹਿਰੀ ਠੰਢੀਆਂ ਰਾਤਾਂ ਵਿਚ ਬੁਰਜ ਦੇ ਫ਼ਰਸ਼ ਬਰਫ਼ ਵਾਂਗ ਠਰੇ ਹੋਏ ਸਨ। ਪਰ ਧਰਮੀ ਪ੍ਰਵਾਨੇ ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨੀ ਜਾ ਰਹੇ ਸਨ। ਇਸ ਮੌਤ ਵਰਗੇ ਮਾਹੌਲ ਵਿਚ ਦਾਦੀ, ਪੋਤਰਿਆਂ ਨੂੰ ਝੋਲੀ ਵਿਚ ਲਈ ਬੈਠੀ ਰਹੀ। ੧੦-੧੧ ਪੋਹ ਦੀ ਵਿਚਾਲੀ ਰਾਤ ਲੰਘੀ। ਅੰਮ੍ਰਿਤ ਵੇਲੇ ਦਾਦੀ ਪੋਤਰਿਆਂ ਨੇ ਨਿਤਨੇਮ ਕੀਤਾ। ਫਿਰ ਦਾਦੀ ਨੇ ਪੋਤਰਿਆਂ ਨੂੰ ਧਰਮ ਵਿਚ ਪ੍ਰਪੱਕ ਰਹਿਣ ਦੀ ਸਿਖਿਆ ਦਿਤੀ। ੧੧ ਪੋਹ ਨੂੰ ਸਾਹਿਬਜ਼ਾਦਿਆਂ ਨੂੰ ਲੈਣ ਖ਼ਾਤਰ ਸਿਪਾਹੀ ਠੰਢੇ ਬੁਰਜ ਵਿਚ ਪਹੁੰਚੇ। ਪਹਿਰੇਦਾਰ ਨੇ ਦਰਵਾਜ਼ਾ ਖੋਲ੍ਹਿਆ। ਬੇਦਰਦ ਮੁਗ਼ਲ ਸਿਪਾਹੀ ਮਾਤਾ ਜੀ ਦੀ ਗੋਦ ਵਿਚੋਂ ਸਾਹਿਬਜ਼ਾਦਿਆਂ ਨੂੰ ਹਥਕੜੀਆਂ ਅਤੇ ਜ਼ੰਜੀਰ ਲਾ ਕੇ ਧੂਹ ਲੈ ਤੁਰੇ। ਭਾਈ ਕੋਇਰ ਸਿੰਘ "ਗੁਰਬਿਲਾਸ ਪਾ: ੧੦" ਵਿਚ ਲਿਖਦੇ ਹਨ :–

"ਖੋਸ ਗੋਦ ਤੇ ਲੇ ਗਏ ਵਾਹੀ॥ ਪ੍ਰਾਤ ਕਚਹਿਰੀ ਮਾਹਿ ਤਹਾਂਹੀ॥
ਕੋਮਲ ਅੰਗ ਹਥੌੜੀ† ਹਾਥਾ॥ ਪਾਦ ਜੰਜੀਰ ਤਿਨ ਕੇ ਸਾਥਾ॥" [ਪੰਨਾ ੨੧੧]

ਸਾਹਿਬਜ਼ਾਦੇ ਸੂਬਾ ਵਜ਼ੀਰ ਖਾਨ ਦੇ ਸਾਹਮਣੇ ਕਚਹਿਰੀ ਵਿਚ ਲਿਆਂਦੇ ਗਏ। ਕਚਹਿਰੀ ਵਿਚ ਦਾਖ਼ਲ ਹੁੰਦਿਆਂ ਹੀ ਸ਼ੇਰ-ਬੱਚਿਆਂ ਨੇ ਉਚੀ ਅਵਾਜ਼ ਵਿਚ ਫਤਹ ਗਜਾਈ। ਫਤਹ ਸੁਣ ਕੇ ਸਾਰੇ ਦਰਬਾਰੀ ਦੰਗ ਰਹਿ ਗਏ। ਉਥੇ ਬੈਠੇ ਕਾਜ਼ੀ ਮੌਲਾਣਿਆਂ ਨੂੰ ਇਉਂ ਮਹਿਸੂਸ ਹੋਇਆ ਜਿਵੇਂ ਤੀਰਾਂ ਨੇ ਸੀਨੇ ਵਿੰਨ੍ਹ ਸੁਟੇ ਹੋਣ। ਦੀਵਾਨ ਸੁੱਚਾ ਨੰਦ ਖੱਤਰੀ ਚੁੱਪ ਨਾ ਰਹਿ ਸਕਿਆ, ਉਹ ਕਹਿਣ ਲਗਾ, "ਓਇ ਬੱਚਿਓ, ਇਹ ਤੁਹਾਡੇ ਪਿਤਾ ਦੇ ਅਨੰਦਪੁਰ ਦਾ ਦਰਬਾਰ ਨਹੀਂ, ਜਿਸ ਵਿਚ ਤੁਸੀਂ ਫਤਹ ਬੁਲਾਈ ਏ, ਇਹ ਵਜ਼ੀਰ ਖ਼ਾਨ ਦਾ ਦਰਬਾਰ ਹੈ। ਸੂਬੇ ਨੂੰ ਸਿਰ ਝੁਕਾ ਕੇ ਸਲਾਮ ਕਰੋ।" ਬਾਬਾ ਜ਼ੋਰਾਵਰ ਸਿੰਘ ਅਤੇ ਫਤਹ ਸਿੰਘ ਨੇ ਉੱਤਰ ਦਿਤਾ, "ਸਾਡੇ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਤੇ ਸਿੱਖਾਂ ਨੂੰ ਇਹੀ ਸਿਖਿਆ ਦਿਤੀ ਹੈ ਕਿ ਖਾਲਸਾ ਸਤਿਗੁਰਾਂ ਅਤੇ ਅਕਾਲ ਪੁਰਖ ਤੋਂ ਬਗ਼ੈਰ ਕਿਸੇ ਵਿਅਕਤੀ ਅਗੇ ਸਿਰ ਨਹੀਂ ਝੁਕਾਉਂਦਾ।"

ਫਿਰ ਵਜ਼ੀਰ ਖ਼ਾਨ ਬੋਲਿਆ, "ਬੱਚਿਓ, ਤੁਹਾਡਾ ਪਿਤਾ ਅਤੇ ਤੁਹਾਡੇ ਦੋਨੋਂ ਭਰਾ ਚਮਕੌਰ ਦੇ ਯੁੱਧ ਵਿਚ ਸਾਡੇ ਹੱਥੋਂ ਮਾਰੇ ਗਏ ਹਨ। ਤੁਹਾਡੀ ਖ਼ੁਸ਼ਕਿਸਮਤੀ ਹੈ ਕਿ ਤੁਸੀਂ ਜੀਉਂਦੇ ਮੇਰੇ ਸਾਹਮਣੇ ਖਲੋਤੇ ਹੋ। ਇਸਲਾਮ ਕਬੂਲ ਕਰ ਲਵੋ, ਨਹੀਂ ਤਾਂ ਜਾਨੋਂ ਮਾਰ ਦਿਤੇ ਜਾਵੋਗੇ। ਕਿਉਂ ਆਪਣੀਆਂ ਜਿੰਦਾਂ ਭੰਗ ਦੇ ਭਾੜੇ ਗਵਾਉਂਦੇ ਹੋ? ਜਿਸ ਸਿੱਖੀ ਦੀ ਤੁਸੀਂ ਗੱਲ ਕਰਦੇ ਹੋ, ਉਹ ਅਸਾਂ ਮੁਕੰਮਲ ਤੌਰ ਤੇ ਖ਼ਤਮ ਕਰ ਦੇਣੀ ਹੈ। ਸਿੱਖੀ ਦਾ ਨਾਮੋ ਨਿਸ਼ਾਨ ਦੁਨੀਆ ਉਤੋਂ ਮਿਟਾ ਦੇਣਾ ਹੈ।" ਸਾਹਿਬਜ਼ਾਦਿਆਂ ਉਤਰ ਦਿਤਾ, "ਸਾਨੂੰ ਜ਼ਿੰਦਗੀ ਨਾਲੋਂ ਸਿੱਖੀ ਜ਼ਿਆਦਾ ਪਿਆਰੀ ਹੈ। ਆਪਣੇ ਧਰਮ ਉਤੋਂ ਕੁਰਬਾਨ ਹੋਣਾ ਅਸੀਂ ਦਾਦਾ ਜੀ ਤੋਂ ਸਿਖਿਆ ਹੈ। ਇਸਲਾਮ ਕਬੂਲ ਕਰਨ ਦੀ ਗੱਲ ਅਨਹੋਣੀ ਤੇ ਹਾਸੋਹੀਣੀ ਹੈ।" ਐਸਾ ਨਿਰਭੈਤਾ ਵਾਲਾ ਕੋਰਾ ਉਤਰ ਸੁਣ ਕੇ ਸੂਬਾ ਸਰਹੰਦ ਲਾਲ ਪੀਲਾ ਹੋ ਗਿਆ। ਪਰ ਫਿਰ ਉਸ ਨੇ ਗੁੱਸਾ ਦਬਾਂਦਿਆਂ ਕਿਹਾ, "ਚੰਗੀ ਤਰ੍ਹਾਂ ਸੋਚ ਲਓ ਅਤੇ ਆਪਣੀ ਦਾਦੀ

* ਜਿਥੋਂ ਦਾਦੀ ਪੋਤਰੇ ਰੱਥ ਉਤੇ ਬੈਠੇ ਉਥੇ ਪਿੰਡ ਸਹੇੜੀ ਵਿਖੇ ਸ਼ਾਨਦਾਰ "ਰੱਥ ਸਾਹਿਬ" ਗੁਰਦੁਆਰਾ ਬਣ ਰਿਹਾ ਹੈ।
† ਹਥੌੜੀ ਦਾ ਇਥੇ ਅਰਥ 'ਹਥਕੜੀ' ਹੈ।



www.AKJ.Org

ਕੋਲ ਜਾ ਕੇ ਸਲਾਹ ਕਰ ਲਓ। ਕਲ੍ਹ ਫਿਰ ਆ ਕੇ ਜਵਾਬ ਦੇਣਾ।" ਸਾਹਿਬਜ਼ਾਦੇ ਉਤਰ ਵਿਚ ਕੁਝ ਕਹਿਣਾ ਚਾਹੁੰਦੇ ਸਨ, ਪਰ ਸਿਪਾਹੀ ਉਨ੍ਹਾਂ ਨੂੰ ਕਚਹਿਰੀ ਤੋਂ ਬਾਹਰ ਲੈ ਗਏ। ਵਜ਼ੀਰ ਖ਼ਾਨ ਅਤੇ ਦਰਬਾਰੀ ਉਨ੍ਹਾਂ ਦੀ ਸਿਆਣਪ, ਦਲੇਰੀ, ਨਿਰਭੈਤਾ ਅਤੇ ਬਹਾਦਰੀ ਭਰੇ ਉਤਰਾਂ ਤੋਂ ਹੈਰਾਨ ਪ੍ਰੇਸ਼ਾਨ ਸਨ। ਬੱਚਿਆਂ ਦੀ ਸੂਝ-ਬੂਝਤਾ ਨੂੰ ਵੇਖ ਕੇ ਵਜ਼ੀਰ ਖ਼ਾਨ ਨੇ ਇਕ ਵਾਰ ਤਾਂ ਉਨ੍ਹਾਂ ਨੂੰ ਮਾਰਨ ਦਾ ਖ਼ਿਆਲ ਤਰਕ ਕਰ ਦਿਤਾ। ਉਹ ਉਨ੍ਹਾਂ ਨੂੰ ਸ਼ਰ੍ਹਾ ਵਿਚ ਲਿਆਉਣ ਦੀਆਂ ਵਿਉਂਤਾਂ ਘੜਨ ਲਗਾ। ਉਸਦਾ ਖ਼ਿਆਲ ਸੀ ਕਿ ਇਹੋ ਜਿਹੇ ਸਿਆਣੇ, ਬਹਾਦਰ ਤੇ ਸੂਰਬੀਰ ਨੌਨਿਹਾਲ ਇਸਲਾਮੀ ਮਤ ਨੂੰ ਰੌਸ਼ਨ ਕਰਨਗੇ।

ਮਨੁੱਖ ਨੂੰ ਮੌਤ ਤਾ ਡਰ ਤੇ ਮਾਇਆ ਦਾ ਲਾਲਚ ਧਰਮ ਤੋਂ ਡੁਲਾ ਦਿੰਦਾ ਹੈ। ਬੱਚਿਆਂ ਨੂੰ ਮੌਤ ਦਾ ਡਰਾਵਾ ਸੂਬਾ ਦੇ ਚੁਕਾ ਸੀ, ਪਰ ਸਾਹਿਬਜ਼ਾਦੇ ਆਪਣੇ ਫ਼ੈਸਲੇ ਤੇ ਅਡੋਲ ਸਨ। ੧੨ ਪੋਹ ਨੂੰ ਦੂਜੇ ਦਿਨ ਗੁਰ-ਪੁਤਰਾਂ ਨੂੰ ਫਿਰ ਅਦਾਲਤ ਵਿਚ ਲਿਆਂਦਾ ਗਿਆ। ਉਨ੍ਹਾਂ ਪਹਿਲੇ ਦਿਨ ਦੀ ਤਰ੍ਹਾਂ ਹੀ ਦਰਬਾਰ ਵਿਚ ਵੜਦਿਆਂ ਉਚੀ ਫਤਹ ਬੁਲਾਈ, ਪਰ ਸੂਬਾ ਵਜ਼ੀਰ ਖਾਨ ਨੇ ਆਪਣਾ ਕ੍ਰੋਧ ਪ੍ਰਗਟ ਨਾ ਹੋਣ ਦਿਤਾ। ਉਹ ਸਾਹਿਬਜ਼ਾਦਿਆਂ ਨੂੰ ਲਾਲਚ ਦੇ ਕੇ ਧਰਮੋਂ ਡੇਗਣਾ ਚਾਹੁੰਦਾ ਸੀ, ਇਸ ਲਈ ਉਹ ਬੜੀ ਨਰਮੀ, ਹਲੀਮੀ, ਪਰੰਤੂ ਕਪਟੀ ਮਨ ਨਾਲ ਪੇਸ਼ ਆਇਆ। ਉਹ ਆਖਣ ਲਗਾ, "ਬੱਚਿਓ, ਜੇਕਰ ਤੁਸੀਂ ਇਸਲਾਮ ਕਬੂਲ ਕਰ ਲਵੋ, ਤਾਂ ਤੁਹਾਨੂੰ ਰਾਜ ਭਾਗ ਦੇ ਹਿੱਸੇਦਾਰ ਬਣਾ ਲਿਆ ਜਾਵੇਗਾ। ਰਹਿਣ ਲਈ ਸ਼ਾਨਦਾਰ ਮਹਿਲ ਅਤੇ ਸੇਵਾ ਲਈ ਨੌਕਰ ਚਾਕਰ ਮਿਲਣਗੇ। ਉੱਚੇ ਘਰਾਣਿਆਂ ਦੀਆਂ ਖ਼ੂਬਸੂਰਤ ਲੜਕੀਆਂ ਨਾਲ ਨਿਕਾਹ ਕਰਾ ਦਿਤੇ ਜਾਣਗੇ। ਸਿੱਖੀ ਨੂੰ ਛਡੋ ਅਤੇ ਸੁਖ ਆਰਾਮ ਦੀ ਜ਼ਿੰਦਗੀ ਬਤੀਤ ਕਰੋ।"

ਭਾਈ ਕੋਇਰ ਸਿੰਘ ਲਿਖਦੇ ਹਨ—

"ਪਟ ਭੂਖਨ ਅਨਗਨ ਦੇ ਹੈ ॥ ਦੁੱਖਤਰ* ਸਹਿਤ ਸੂਬਤਰ ਹ੍ਵੈ† ਹੈਂ ॥
ਜੇਤੀ ਨਾਰਿ ਚਾਹ ਹੋ ਦੇਹੀ। ਨੀਲ ਪਟੰਬਰ‡ ਧਾਰੋ ਏਹੀ ॥"

[ਗੁਰ ਬਿਲਾਸ ਪਾ: ੧੦, ਪੰਨਾ ੨੧੧]

ਗੁਰ-ਸਪੁਤਰਾਂ ਨੇ ਰਾਜ ਭਾਗ ਅਤੇ ਸ਼ਾਹੀ ਡੋਲਿਆਂ ਨੂੰ ਠੁਕਰਾ ਦਿਤਾ। ਉਹਨਾਂ ਆਖਿਆ, ਇਹ ਹਰਗਿਜ਼ ਨਹੀਂ ਹੋ ਸਕਦਾ। ਇਹ ਰਾਜ ਭਾਗ ਤੇ ਸੁਖ ਅਰਾਮ ਚਾਰ ਦਿਨ ਦੀ ਖੇਡ ਹਨ। ਇਨ੍ਹਾਂ ਝੂਠੇ ਸੁਖਾਂ ਪਿਛੇ ਅਸੀਂ ਆਪਣਾ ਧਰਮ ਨਹੀਂ ਛਡ ਸਕਦੇ। ਅਸੀਂ ਧਰਮ ਲਈ ਜ਼ਿੰਦਗੀ ਵਾਰਨ ਤੋਂ ਵੀ ਝਿਜਕਦੇ ਨਹੀਂ।" ਹੁਣ ਫਿਰ ਸੂਬਾ ਆਪਣਾ ਗੁੱਸਾ ਪੀ ਗਿਆ। ਉਹ ਆਪਣੇ ਮਨੋਰਥ ਦੀ ਪੂਰਤੀ ਲਈ ਸਭ ਕੁਝ ਸਹਿਨ ਕਰ ਗਿਆ। ਉਹ ਅਜੇ ਵੀ ਆਸ ਵਿਚ ਸੀ ਕਿ ਸ਼ਾਇਦ ਬੱਚੇ ਈਨ ਕਬੂਲ ਕਰ ਹੀ ਲੈਣ। ਵਜ਼ੀਰ ਖਾਨ ਨੇ ਸਾਹਿਬਜ਼ਾਦਿਆਂ ਨੂੰ ਵਾਪਸ ਠੰਢੇ ਬੁਰਜ ਲਿਜਾਣ ਦਾ ਹੁਕਮ ਦਿਤਾ। ਦੂਜੇ ਦਿਨ ਵੀ, ਕਿਸੇ ਨਤੀਜੇ ਤੇ ਪਹੁੰਚੇ ਬਿਨਾਂ ਕਚਹਿਰੀ ਖ਼ਤਮ ਹੋ ਗਈ। ਗੁਰ-ਪੁੱਤਰ ਆਪਣੀ ਦਾਦੀ ਪਾਸ ਪੁਜੇ ਅਤੇ ਅਦਾਲਤ ਦੀ ਸਾਰੀ ਵਿਥਿਆ ਵਿਸਥਾਰ ਸਹਿਤ ਸੁਣਾਈ। ਦਾਦੀ, ਪੋਤਰਿਆਂ ਦੀ ਅਡੋਲਤਾ ਨੂੰ ਵੇਖ ਕੇ ਖੁਸ਼ ਸੀ। ਸ਼ਾਬਾਸ਼ ਦੇ ਕੇ ਆਖਿਆ, ਹੋ ਸਕਦਾ ਹੈ ਕਲ੍ਹ ਨੂੰ ਤੁਹਾਨੂੰ ਕਚਹਿਰੀ ਵਿਚ ਅਜ ਨਾਲੋਂ ਜ਼ਿਆਦਾ ਡਰਾਇਆ ਧਮਕਾਇਆ ਤੇ ਲਾਲਚ ਦਿਤੇ ਜਾਣ, ਪਰ ਤੁਸੀਂ ਧਰਮ ਤੋਂ ਮੁਖ ਨਹੀਂ ਮੋੜਨਾ। ਦਾਦਾ ਜੀ ਦੇ ਦਰਸਾਏ ਮਾਰਗ ਉਤੇ ਚਲਦਿਆਂ ਅਮਰ ਹੋ ਜਾਣਾ ਹੈ। ਮਰਨਾ ਸੱਚ ਹੈ ਅਤੇ ਜੀਣਾ ਝੂਠ ਹੈ। ਹਰ ਮਨੁਖ ਨੇ ਆਖ਼ਰ ਮਰਨਾ ਹੈ। ਅਣਖ, ਗ਼ੈਰਤ ਤੇ ਮਾਣ ਦੀ ਜ਼ਿੰਦਗੀ ਜੀਊਣ ਵਾਲੇ ਜੇਕਰ ਬਹਾਦਰੀ ਨਾਲ ਧਰਮ ਹਿੱਤ ਸਰੀਰਕ ਭਾਂਡਾ ਫੋੜ ਦੇਂਦੇ ਹਨ ਤਾਂ ਸੰਸਾਰ ਉਨ੍ਹਾਂ ਨੂੰ ਆਦਰ ਨਾਲ ਯਾਦ ਕਰਦਾ ਹੈ।" ਇਸ ਤਰ੍ਹਾਂ ਦੇ ਉਪਦੇਸ਼ ਸੁਣਦੇ ਬੱਚੇ ਦਾਦੀ ਦੀ ਗੋਦ ਵਿਚ ਸੌਂ ਗਏ।

ਬੱਚਿਆਂ ਸਵੇਰੇ ਫਿਰ ਅੰਮ੍ਰਿਤ ਵੇਲੇ ਮਾਤਾ ਜੀ ਨਾਲ ਉਠ ਕੇ ਨਿਤਨੇਮ ਕੀਤਾ। ਸੂਰਜ ਚੜ੍ਹਦਿਆਂ ਹੀ ਮੁਗ਼ਲ

* ਧੀ, ਲੜਕੀ। † ਵੱਡੇ ਸੂਬੇਦਾਰ। ‡ ਨੀਲੇ ਬਸਤਰ।



www.AKJ.Org

ਸਿਪਾਹੀ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਆ ਗਏ। ਮਾਤਾ ਜੀ ਨੇ ਪੋਤਰਿਆਂ ਨੂੰ ਹਿੱਕ ਨਾਲ ਲਾ ਕੇ ਚੁੰਮਿਆ ਅਤੇ ਧਰਮ ਵਿਚ ਪੱਕਿਆਂ ਰਹਿਣ ਦਾ ਉਪਦੇਸ਼ ਦੇ ਕੇ ਸਿਪਾਹੀ ਨਾਲ ਤੋਰ ਦਿਤਾ। ਇਹ ੧੩ ਪੋਹ ਦਾ ਮਨਹੂਸ ਦਿਨ ਸੀ। ਕਾਜ਼ੀ, ਮੁਲਾਂ, ਨਵਾਬ, ਦੀਵਾਨ ਅਤੇ ਸੂਬਾ ਵਜ਼ੀਰ ਖ਼ਾਨ ਦਰਬਾਰ ਵਿਚ ਹਾਜ਼ਰ ਸਨ। ਸ਼ਾਹਿਬਜ਼ਾਦਿਆਂ ਚੜ੍ਹਦੀ ਕਲਾ ਦਾ ਸਬੂਤ ਦੇਂਦਿਆਂ ਕਚਹਿਰੀ ਵਿਚ ਪ੍ਰਵੇਸ਼ ਹੁੰਦਿਆਂ ਹੀ ਨਿਧੜਕਤਾ ਨਾਲ ਫਤਹ ਬੁਲਾਈ ਅਤੇ ਸੂਬੇ ਦੇ ਸਾਹਮਣੇ ਖਲੋ ਗਏ। ਅੱਜ ਸੂਬਾ ਫਿਰ ਨਰਮੀ ਨਾਲ ਪੇਸ਼ ਆਇਆ ਤੇ ਕਹਿਣ ਲਗਾ, "ਜੇਕਰ ਤੁਹਾਨੂੰ ਅਜ਼ਾਦ ਕਰ ਦਿਤਾ ਜਾਵੇ ਤਾਂ ਤੁਸੀਂ ਕੀ ਕਰੋਗੇ?" ਸਾਹਿਬਜ਼ਾਦਿਆਂ ਆਖਿਆ, "ਅਸੀਂ ਸਿੱਖਾਂ ਨੂੰ ਇਕੱਠਿਆਂ ਕਰਕੇ ਉਹਨਾਂ ਦੀ ਫ਼ੌਜ ਤਿਆਰ ਕਰਾਂਗੇ ਅਤੇ ਜ਼ੁਲਮ ਵਿਰੁੱਧ ਉਦੋਂ ਤੱਕ ਲੜਦੇ ਰਹਾਂਗੇ ਜਦੋਂ ਤਕ ਪ੍ਰਾਣ ਕਾਇਮ ਹਨ।"

ਕੋਲ ਬੈਠੇ ਭਾਰਤ ਮਾਂ ਦੇ ਸਪੂਤ ਦੀਵਾਨ ਸੁੱਚਾ ਨੰਦ ਖੱਤਰੀ ਨੇ ਆਖਿਆ, "ਵਜ਼ੀਰ ਖ਼ਾਨ ਜੀ, ਵੇਖੋ, ਤੁਹਾਡੇ ਅਗੇ ਕਿਵੇਂ ਬੋਲਦੇ ਹਨ। ਸੱਪ ਦੇ ਫਣ ਚੁਕਣ ਤੋਂ ਪਹਿਲਾਂ ਹੀ ਉਸ ਦੀ ਸਿਰੀ ਨੂੰ ਮਸਲ ਦੇਣਾ ਚਾਹੀਦਾ ਹੈ। ਦੁਸ਼ਮਨ ਨੂੰ ਤਾਕਤਵਰ ਹੋਣ ਤੋਂ ਪਹਿਲਾਂ ਹੀ ਖ਼ਤਮ ਕਰ ਦੇਣ ਵਿਚ ਸਿਆਣਪ ਹੈ। ਅਗੇ ਇਨ੍ਹਾਂ ਦੇ ਪਿਤਾ ਨੇ ਇਕੱਲਿਆਂ ਹੀ ਸਰਕਾਰ ਲਈ ਮੁਸੀਬਤਾਂ ਖੜੀਆਂ ਕਰ ਰਖੀਆਂ ਹਨ। ਇਹ ਤਾਂ ਫਿਰ ਦੋ ਹਨ ਤੇ ਉਸੇ ਦੇ ਪੁੱਤਰ ਹਨ।" ਵਜ਼ੀਰ ਖ਼ਾਨ ਪਹਿਲਾ ਹੀ ਸਾਹਿਬਜ਼ਾਦਿਆਂ ਦੇ ਉਤਰ ਸੁਣ ਕੇ ਸੜਿਆ ਭੁਜਿਆ ਪਿਆ ਸੀ। ਸੁੱਚਾ ਨੰਦ ਦੀਆਂ ਇਨ੍ਹਾਂ ਗੱਲਾਂ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ। ਹੁਣ ਸੂਬੇ ਨੇ ਆਪਣੀਆਂ ਸਭ ਕੋਸ਼ਿਸ਼ਾਂ ਅਸਫਲ ਸਮਝੀਆਂ। ਉਸ ਨੇ ਕਾਜ਼ੀ ਵੱਲ ਵੇਖਿਆ ਅਤੇ ਸਾਹਿਬਜ਼ਾਦਿਆਂ ਲਈ ਸਜ਼ਾ ਮੁਕੱਰਰ ਕਰਨ ਦਾ ਹੁਕਮ ਦਿਤਾ। ਕਾਜ਼ੀ ਨੇ ਸ਼ਰ੍ਹਾ ਅਨੁਸਾਰ ਜ਼ਿੰਦਾ ਨੀਂਹ ਵਿਚ ਚਿਣਵਾ ਕੇ ਕਤਲ ਕਰਨ ਦੀ ਸਜ਼ਾ, ਭਰੀ ਅਦਾਲਤ ਵਿਚ, ਸੁਣਾ ਦਿਤੀ। ਸ਼ੇਰ ਮੁਹੰਮਦ ਖ਼ਾਂ ਨਵਾਬ ਮਲੇਰਕੋਟਲਾ ਨੇ ਇਸ ਅਨਿਆਂ ਭਰੇ ਫ਼ੈਸਲੇ ਦਾ ਵਿਰੋਧ ਕੀਤਾ। ਉਹ ਕਹਿਣ ਲਗਾ, "ਬੇਗੁਨਾਹ ਮਸੂਮ ਬੱਚਿਆਂ ਨੂੰ ਕਤਲ ਕਰਨਾ ਸ਼ਰ੍ਹਾ ਤੋਂ ਖ਼ਿਲਾਫ਼ ਹੈ, ਸਾਡਾ ਮਜ਼ਹਬ ਇਸ ਦੀ ਇਜਾਜ਼ਤ ਨਹੀਂ ਦਿੰਦਾ।" ਪਰ ਕਾਜ਼ੀ ਨੇ ਨਵਾਬ ਨੂੰ ਇਹ ਕਹਿ ਕੇ ਬਿਠਾ ਦਿਤਾ ਕਿ ਮੈਂ ਤੇਰੇ ਨਾਲੋਂ ਸ਼ਰ੍ਹਾ ਦੇ ਅਸੂਲ ਜ਼ਿਆਦਾ ਜਾਣਦਾ ਹਾਂ।

ਸੁਣਾਈ ਗਈ ਸਜ਼ਾ ਮੁਤਾਬਕ ਮਿਸਤ੍ਰੀ ਨੂੰ ਬੁਲਾ ਕੇ ਨੀਂਹ ਵਿਚ ਚਿਣਿਆ ਜਾਣਾ ਅਰੰਭ ਕਰ ਦਿਤਾ ਗਿਆ। ਕੋਲ ਖੜੋਤਾ ਕਾਜ਼ੀ ਅਜੇ ਵੀ ਕਹਿ ਰਿਹਾ ਸੀ ਕਿ ਇਸਲਾਮ ਕਬੂਲ ਕਰ ਲਵੋ, ਹੁਣ ਵੀ ਛੱਡ ਦਿਤੇ ਜਾਵੋਗੇ। ਪਰ ਸਾਹਿਬਜ਼ਾਦੇ, ਆਪਣੇ ਫ਼ੈਸਲੇ ਤੇ ਦ੍ਰਿੜ੍ਹ ਤੇ ਅਡੋਲ ਰਹੇ। ਕੋਲ ਦੋ ਜੱਲਾਦ ਸ਼ਾਸਲ ਬੇਗ ਤੇ ਬਾਸ਼ਲ ਬੇਗ ਨੰਗੀਆਂ ਤਲਵਾਰਾਂ ਲਈ ਖੜੋਤੇ ਸਨ। ਜਦੋਂ ਕੰਧ ਮੋਢਿਆਂ ਤੱਕ ਗਈ ਤਾਂ ਜੱਲਾਦਾਂ ਇਕੱਠਿਆਂ ਵਾਰ ਕਰ ਦਿਤਾ। ਸਾਹਿਬਜ਼ਾਦਿਆਂ ਦੇ ਸੀਸ ਧੜਾਂ ਤੋਂ ਵੱਖਰੇ ਹੋ ਗਏ। ਇਸ ਤਰ੍ਹਾਂ ੧੩ ਪੋਹ ਸੰਮਤ ੧੭੬੨ ਬਿਕ੍ਰਮੀ ੧੨ ਦਸੰਬਰ ੧੭੦੫ ਈ:) ਨੂੰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਫਤਹ ਸਿੰਘ ਸਿੱਖੀ ਸਿਦਕ ਨੂੰ ਨਿਭਾਉਂਦਿਆਂ ਸ਼ਹਾਦਤ ਪਾ ਗਏ ਅਤੇ ਆਪਣੇ ਵੱਡੇ ਵੀਰਾਂ ਪਾਸ ਗੁਰਪੁਰੀ ਸਿਧਾਰ ਗਏ। ਇਸ ਦਰਦਨਾਕ ਤੇ ਦਿਲ-ਕੰਬਾਊ ਜ਼ੁਲਮ ਦੀ ਪੁਸ਼ਟੀ ਪੁਰਾਤਨ ਤਵਾਰੀਖ਼ਾਂ ਕਰਦੀਆਂ ਹਨ।

ਭਾਈ ਕੋਇਰ ਸਿੰਘ ਗੁਰਬਿਲਾਸ ਪਾ: ੧੦ ਵਿਚ ਲਿਖਦੇ ਹਨ—

"ਦੇ ਕਰ ਦੁਖ ਬਹੁਤ ਅਧਿਕਾਏ॥ ਤਬ ਨੀਹੋਂ ਮੈਂ ਬਾਲ ਚਿਨਾਏ॥" [ਪੰਨਾ ੨੧੪]

ਭਾਈ ਸੁੱਚਾ ਸਿੰਘ ਲਿਖਦੇ ਹਨ—

"ਦੋਊ ਸਿਸਨ ਕੇ ਸੀਸ ਉਤਾਰੀ॥ ਦਏ ਕਾਟ ਉਨ ਅਧਮ ਗਵਾਰੀ॥" [ਗੁਰ ਬਿਲਾਸ ਪਾ: ੧੦]

ਭਾਈ ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ ੬੩ ਤੇ ਲਿਖਦੇ ਹਨ—

ਤੜਫ ਤੜਫ ਗਈ ਜਿੰਦ ਉਡਾਇ॥ ਇਸ ਸ਼ੀਰ-ਖੋਰ ਦੁਇ ਦਏ ਕਤਲਾਇ॥

ਸਾਹਿਬਜ਼ਾਦਿਆਂ ਦੀ ਇਸ ਵੇਲੇ ਉਮਰ ਸਿਰਫ ੭ ਸਾਲ ਤੇ ੯ ਸਾਲ ਦੀ ਸੀ। ਸ਼ਹਾਦਤ ਦੀ ਖ਼ਬਰ



www.AKJ.Org

ਸੁਣਨ ਵੇਲੇ ਮਾਤਾ ਗੁਜਰੀ ਜੀ ਵੀ ਠੰਢੇ ਬੁਰਜ ਵਿਚ ਸਰੀਰ ਛਡ ਗਏ। "ਟੋਡਰ ਮੱਲ" ਨੇ ਵਜ਼ੀਰ ਖਾਨ ਤੋਂ ਇਹਨਾਂ ਮ੍ਰਿਤਕ ਲੋਥਾਂ ਨੂੰ ਸਸਕਾਰ ਕਰਨ ਦੀ ਆਗਿਆ ਮੰਗੀ। ਅਤੇ ਉਸ ਨੇ ਸਸਕਾਰ ਵਾਲੀ ਥਾਂ ਤੇ ਮੋਹਰਾਂ ਵਿਛਾ ਕੇ ਨਵਾਬ ਨੂੰ ਮੁੱਲ ਤਾਰ ਦਿਤਾ। ਮੋਹਰਾਂ ਦੀ ਪੰਡ ਦੇ ਕੇ ਵੀ ਉਸ ਨੇ ਇਹ ਸੌਦਾ ਸਸਤਾ ਸਮਝਿਆ ਅਤੇ ਉਸ ਨੇ ਅਰਥੀਆਂ ਤਿਆਰ ਕਰਕੇ ੧੩ ਪੋਹ ਨੂੰ ਹੀ ਸਾਹਿਬਜ਼ਾਦਿਆਂ ਦਾ ਸਸਕਾਰ ਕਰ ਦਿਤਾ।

## ਸਰਹੰਦ ਦੀ ਦੀਵਾਰ

[ਸ: ਉਜਾਗਰ ਸਿੰਘ ਜੀ ਉਲਫ਼ਤ]

ਵੇਖ ਨੀ ਅੰਜ ਦਰਦਣੇ, ਸਰਹੰਦ ਦੀ ਦੀਵਾਰ ਵੇਖ! ਕੰਬ ਉਠੇ ਨੇ ਫ਼ਰਿਸ਼ਤੇ ਵੀ ਨਜ਼ਾਮੇ ਅਰਸ਼ ਤੇ,
ਵੇਖ, ਕਿਥੇ ਪਹੁੰਚਿਆ ਏ, ਕੌਮਾਂ ਦਾ ਕਿਰਦਾਰ ਵੇਖ! ਫ਼ਰਸ਼ ਉਤੇ ਕੰਬ ਰਹੇ ਨੇ, ਕੁਤਬ ਦੇ ਮੀਨਾਰ ਵੇਖ!

ਕਿਆ ਤਸ਼ੱਰਫ਼ ਹੈ ਤੇਰੇ, ਲਾਲਾਂ ਦਾ ਮੇਰੇ ਦਾਤਿਆ! ਪਰ ਨਹੀਂ ਪ੍ਰਵਾਹ ਇਹਨਾਂ ਨੂੰ, ਜਬਰ ਦੀ ਜੱਲਾਦ ਦੀ,
ਪਹੁੰਚ ਗਏ ਕਿਥੇ ਤੇਰੇ, ਇਸ ਹੁਸਨ ਦੇ ਪ੍ਰਸਤਾਰ ਵੇਖ! ਭਾਰ ਕਿਤਨਾ ਪਾ ਰਹੀ ਹੈ, ਜ਼ੁਲਮ ਦੀ ਭਰਮਾਰ ਵੇਖ!

ਫੁੱਲ ਦੋ ਮਾਸੂਮ ਕੋਮਲ, ਉਮਰ ਸਤ-ਨੌਂ ਸਾਲ ਦੇ, ਚਮਕਦੇ ਚੰਨ-ਚਿਹਰਿਆਂ ਤਕ, ਕੰਧ ਖ਼ੂਨੀ ਆ ਗਈ,
ਕਤਲਗਾਹ ਵਿਚ ਕਿਸਤਰ੍ਹਾਂ, ਕਹਿੰਦੇ ਨੇ ਸ਼ਰਧਾ ਧਾਰ ਵੇਖ! ਸਿਦਕ ਦੇ ਪੁਤਲੇ ਖੜੇ ਨੇ, ਵੇਖ ਝਾਤੀ ਮਾਰ ਵੇਖ!

ਬੇਖ਼ੁਦੀ ਵਧਦੀ ਹੈ ਜਾਂਦੀ, ਦੇਰ ਨਾ ਲਾ ਕਾਤਲਾ! ਫ਼ਤਹ ਸਿੰਘ ਤੇ ਕਿਸ ਤਰ੍ਹਾਂ, ਮਸਤੀ ਚੜ੍ਹੀ ਹੈ ਨਾਮ ਦੀ,
ਵੇਖੀਏ ਸ਼ਾਹ-ਰਗ ਅਸੀਂ, ਤੂੰ ਜ਼ੁਲਮ ਦੀ ਤਲਵਾਰ ਵੇਖ! ਆਖਦਾ ਜ਼ੋਰਾਵਰਾ, ਕੀ ਕਰ ਰਿਹੈ ਕਰਤਾਰ ਵੇਖ!

ਵੇਖ ਨੀ ਔਹ ਵੇਖ ਲੈ, ਦੋ ਨੂਰ ਦੇ ਜਲਵੇ ਨਵੇਂ, ਸੋਹਣਿਆਂ ਬੁਲ੍ਹਾਂ ਚੋਂ ਅੱਜ, ਅੰਮ੍ਰਿਤ ਦੀ ਵਰਖਾ ਹੋ ਰਹੀ,
ਕੰਧ ਅੰਦਰ ਚਿਣ ਰਹੇ, ਇਹਨਾਂ ਨੂੰ ਜ਼ਾਲਮ-ਜ਼ਾਰ ਵੇਖ! ਵੇਖ ਨਿਕਲੇ ਕਿਸਤਰ੍ਹਾਂ, ਬੁਲ੍ਹੀਆਂ ਚੋਂ 'ਸਤਿ ਕਰਤਾਰ' ਵੇਖ!

ਵੇਖ ਸਮਿਆ! ਏਸ ਥਾਂ ਕੁਝ, ਹੋਣ ਵਾਲਾ ਈ ਜ਼ਰੂਰ, ਜ਼ੁਲਮ ਦੀ ਹੱਦ ਹੋ ਗਈ ਹੈ, ਹੋਰ ਸਖੀਏ ਵੇਖ ਨੀ,
ਲੈ ਕੇ ਕਾਤਲ ਆ ਗਏ ਨੇ, ਜ਼ੁਲਮ ਦੇ ਹਥਿਆਰ ਵੇਖ! ਹੱਸਦੇ ਫੁੱਲਾਂ ਤੇ ਫਿਰ ਗਈ, ਜ਼ੁਲਮ ਦੀ ਤਲਵਾਰ ਵੇਖ!

ਨਾਲ ਔਹ ਨੇ ਆ ਰਹੇ, ਦੋ ਚੰਨ ਸੂਰਜ ਵੇਖ ਲੈ, ਸਿਰ ਕਟਾ ਕੇ ਹੋ ਗਏ, ਸਿਰਤਾਜ ਕਿਸ ਦੇ ਲਾਡਲੇ?
ਲਾਡਲੇ ਦਸਮੇਸ਼ ਦੇ, ਜੀਤੋ ਦੇ ਬਰਖ਼ੁਰਦਾਰ ਵੇਖ! ਵੇਖ ਨੀ ਮੁੜ ਮੁੜ ਕੇ ਜਲਵਾ-ਇਸ਼ਕ, ਸੌ ਸੌ ਵਾਰ ਵੇਖ!

ਵੇਖ ਲੈ ਲੱਗੀ ਊ ਉਸਰਨ, ਕੰਧ ਕਾਲੇ ਕਹਿਰ ਦੀ, ਨਾ ਪਿਤਾ ਨਾ ਕੋਲ ਮਾਂ, ਨਾ ਸਿੱਖ-ਸਾਥੀ ਸੂਰਮੇ,
ਵਿੱਚ ਨੇ ਕੀਤੇ ਖੜੇ ਦੋ, ਸਿਦਕ ਦੇ ਸੰਸਾਰ ਵੇਖ! ਨਜ਼ਰ ਪਏ ਅਜੀਤ ਨਾ, ਦਿਸਦਾ ਨਾ ਮੂਲ ਜੁਝਾਰ ਵੇਖ!

ਇੱਟ ਲਾ ਲਾ ਰਾਜ ਪੁੱਟਦੇ, ਹੈਣ ਮਿੱਟੀ ਰਾਜ ਦੀ, ਗੁਜਰੀ ਮਾਂ ਦੀ ਰਾਤ ਵੀ ਠੰਢੇ ਬੁਰਜ ਵਿੱਚ ਗੁੱਜ਼ਰੇ,
ਹੈ ਖੜਾ ਲਾਲਾਂ ਦਾ ਜੋੜਾ, ਸਿਦਕ ਦਾ ਅਵਤਾਰ ਵੇਖ! ਹੋਰ ਸਾਰਾ ਵਿਛੜਿਆ, ਦਸਮੇਸ਼ ਦਾ ਪਰਵਾਰ ਵੇਖ!

ਹੋ ਰਹੀ ਹੈ ਹੁਕਮ ਦੀ ਤਾਮੀਲ, ਇਕ ਇਕ ਇੱਟ ਤੇ, ਏਸ ਮੁਸ਼ਕਲ ਵਿਚ ਨੇ ਆਈਆਂ ਸਿਰਾਂ ਤੇ ਆਫ਼ਤਾਂ,
ਗੋਡੇ ਗਿੱਟੇ ਝਾੜਦਾ ਹੈ, ਰਾਜ ਨਾ-ਹੰਜਾਰ ਵੇਖ! ਜ਼ੁਲਮ ਕਿਦਾਂ ਢਾ ਰਿਹਾ ਏ, ਚਰਖ਼ ਨਾ-ਹੰਜਾਰ ਵੇਖ!

ਕੀ ਕਹਾਂ ਕਰਣੀ ਕਿਹੀ, ਗਾਵਾਂ ਸਿਫ਼ਤ ਕੀ ਏਸ ਦੀ, ਇਨ੍ਹਾਂ ਲਾਲਾਂ ਦੀ ਸ਼ਹਾਦਤ, ਰੰਗ ਲਾਏਗੀ ਜ਼ਰੂਰ,
ਲਾਲ ਹੱਸ ਹੱਸ ਕਰ ਰਹੇ ਜੋ, ਸਿਦਕ ਦਾ ਇਜ਼ਹਾਰ ਵੇਖ! ਵੇਖੀ ਜਾ ਤੂੰ 'ਉਲਫ਼ਤਾ', ਇਹ ਰੰਗ ਪਰਵਰਦਗਾਰ ਵੇਖ!

ਤਸ਼ੱਰਫ਼—ਚਮਤਕਾਰਾ। ਪ੍ਰਸਤਾਰ—ਪੂਜਾ। ਨਾ-ਹੰਜਾਰ—ਨਿਰਦਈ। ਚਰਖ਼—ਅਕਾਸ਼।


**ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ**

ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਇਸ ਪੁਸਤਕ ਵਿਚ ਗੁਰਬਾਣੀ ਵਿਚ ਵਰਤੇ ਵਿਆਕਰਣ ਦੇ ਗੁਝੇ ਭੇਦ ਖੋਲ੍ਹੇ ਗਏ ਹਨ। ਦੂਜੀ ਵੇਰ ਵਧੀਆ ਕਾਗਜ਼ ਤੇ ਵਧੀਆ ਜਿਲਦ ਨਾਲ ਵਡੇ ਸਾਈਜ਼ ਵਿਚ ਛਪ ਗਈ ਹੈ, ਪੰਨੇ ੫੦੦, ਭੇਟਾ ੨੫ ਰੁਪਏ


www.AKJ.Org

# ਸ਼ੇਰ ਦੇ ਬੱਚੇ

[ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ, ਪਟਿਆਲਾ]

ਸਿੱਖ ਸਾਹਿਤ ਵਿਚ ਸ਼ਾਇਦ ਪਹਿਲੀ ਵਾਰੀ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੀ ਸਰਬ ਕਲਾ-ਸਮਰੱਥ ਸ਼ਖਸੀਅਤ ਨੂੰ ਸ਼ੇਰ ਨਾਲ ਉਪਮਾਇਆ ਹੈ ਤੇ ਇਹ ਗੱਲ ਸਾਫ ਲਿਖੀ ਹੈ ਕਿ ਉਨ੍ਹਾਂ ਦੇ ਸਿੰਘਾਨਾਦ ਨੇ ਮ੍ਰਿਗਾਵਲੀ ਨੂੰ ਭਜਾ ਦਿਤਾ :

ਸ਼ਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ ॥

ਜਾਂ - ਵਾਰ ੧, ਪਉੜੀ ੨੭

ਬੁਕਿਆ ਸਿੰਘ ਉਜਾੜ ਵਿਚਿ ਮਿਰਗਾਵਲਿ ਭੰਨੀ ਜਾਈ॥

ਵਾਰ ੧, ਪਉੜੀ ੩੪

## ਸਿਖ ਲਹਿਰ–

ਸਿੱਖ ਲਹਿਰ ਦਾ ਮੁੱਖ ਮਨੋਰਥ ਵੀ ਸਿੰਘ-ਆਚਰਣ ਦੀ ਸਿਰਜਣਾ ਸੀ । ਇਹ ਤਾਂ ਹੀ ਸਾਕਾਰ ਹੋ ਸਕਦਾ ਸੀ ਕਿ ਅਗਰ ਲਹਿਰ ਦਾ ਸੰਚਾਲਕ ਆਗੂ ਇਸ ਸਰੂਪ ਦਾ ਜਲਵਾ ਦਿਖਾਵੇ । ਨਿਰਭੈਤਾ ਵਾਲੇ ਕਰਮਯੋਗ ਨਾਲ ਗੁਰੂਆਂ ਇਹ ਰੰਗ ਦਿਖਾਇਆ । ਨਿਹੰਗ ਸਿੰਘ 'ਗੁਰੂ ਨਾਨਕ ਸਿੰਘ' ਕਹਿ ਕੇ ਆਪਣੀ ਸ਼ਰਧਾਂਜਲੀ ਅਰਪਣ ਕਰਦੇ ਹਨ । ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਦੀ ਅਦੁਤੀ ਕੁਰਬਾਨੀ ਸਿੰਘ-ਆਚਰਣ ਦੀ ਵਧੀਆ ਮਿਸਾਲ ਪੇਸ਼ ਕਰਦੀ ਹੈ । ਦਸਮੇਸ਼ ਜੀ ਨੇ ਆਪਣੇ ਪਿਤਾ ਦੇ ਕਾਰਨਾਮੇ ਸੰਬੰਧੀ ਕੇਵਲ ੧੨ ਸਤਰਾਂ ਲਿਖੀਆਂ ਹਨ, ਪਰ ਇਨ੍ਹਾਂ ਵਿਚ ਇਤਨਾ ਜਲਾਲ ਹੈ ਕਿ ਭੁਚਾਲ ਆਉਂਦਾ ਲਗਦਾ ਹੈ ਤੇ ਉਸ ਅੱਗੇ ਸਾਮਰਾਜ ਚੁਫਾਲ ਡਿਗਦਾ ਨਜ਼ਰੀ ਪੈਂਦਾ ਹੈ ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਬ-ਜ਼ਾਦਿਆਂ ਬਾਰੇ ਬਹੁਤ ਘੱਟ ਲਿਖਿਆ ਹੈ, ਪਰ ਜੋ ਔਰੰਗਜ਼ੇਬ ਨੂੰ ਖ਼ਤ ਲਿਖੇ, ਉਨ੍ਹਾਂ ਵਿਚ ਇਨ੍ਹਾਂ ਦਾ ਸੰਕੇਤ ਜ਼ਰੂਰ ਮਿਲਦਾ ਹੈ । ਗੁਰੂ ਸਾਹਿਬ ਦੇ ਦੋ ਖ਼ਤ ਪ੍ਰਾਪਤ ਹਨ–ਫ਼ਤਿਹਨਾਮਾ ਤੇ ਜ਼ਫ਼ਰਨਾਮਾ । 'ਫ਼ਤਿਹਨਾਮਾ' ਪਹਿਲਾ ਖ਼ਤ ਹੈ, ਜਿਸ ਵਿਚ ਇਕ ਸ਼ਿਅਰ ਹੈ ਕਿ ਕੀ ਹੋਇਆ ਜੋ ਗਿੱਦੜ ਨੇ ਛਲ ਫ਼ਰੇਬ ਨਾਲ ਸ਼ੇਰ ਦੇ ਦੋ ਬੱਚੇ ਮਾਰ ਦਿਤੇ—

'ਚਿ ਸ਼ੁਦ ਗਰ ਸ਼ਗਾਲ ਬਮਕਰੋ ਹਿਆ,

ਹਮੀ ਕੁਸ਼ਤਾ ਦੋ ਬੱਚਹਾਏ ਸ਼ੇਰ ਰਾ ।੧੪।

ਦੂਸਰੀ ਚਿੱਠੀ 'ਜ਼ਫ਼ਰਨਾਮੇ' ਵਿਚ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਲ ਸੰਕੇਤ ਕਰਕੇ ਕਿਹਾ ਹੈ ਕਿ ਕੀ ਹੋਇਆ ਜੇ ਚਾਰ ਮਾਰੇ ਗਏ, ਅਜੇ ਕੁੰਡਲੀਆ ਨਾਗ ਤਾਂ ਬਾਕੀ ਹੈ :–

ਚਿਹਾਂ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ,

ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ ।੭੫।

## ਚਾਰੇ ਸਾਹਿਬਜ਼ਾਦੇ—

ਅਸੀਂ ਚਾਰ ਸਾਹਿਬਜ਼ਾਦਿਆਂ ਦੀ ਵਡਿਆਈ ਕੇਵਲ ਇਸ ਲਈ ਨਹੀਂ ਕਰਦੇ ਕਿ ਇਨ੍ਹਾਂ ਦਾ ਜਨਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਹੋਇਆ; ਸਗੋਂ ਇਸ ਵਡਿਆਈ ਦਾ ਅਸਲ ਕਾਰਨ ਇਹ ਹੈ ਕਿ ਉਨ੍ਹਾਂ ਦੀ ਮ੍ਰਿਤੂ ਕੁਰਬਾਨੀ ਦੇ ਘਰ ਹੋਈ ਸੀ । ਉਹ ਸ਼ੇਰ ਬੱਚੇ ਸਨ ਤੇ ਉਨ੍ਹਾਂ ਸ਼ੇਰਾਂ ਵਾਲੇ ਕਾਰਨਾਮੇ ਕੀਤੇ । ਸ਼ਹਾਦਤ ਦੀ ਦੇਵੀ ਨੂੰ ਜਿਸ ਤਰ੍ਹਾਂ ਉਨ੍ਹਾਂ ਰੀਝਾਇਆ, ਉਹ ਬੇਮਿਸਾਲ ਹੈ । ਸ਼ਹੀਦੀ ਦਾ ਜੋ ਸਬਕ ਉਨ੍ਹਾਂ ਪੜ੍ਹਾਇਆ, ਉਹ ਹਰ ਸਿੱਖ ਨੂੰ ਇਤਨਾ ਕੰਠ ਹੋ ਗਿਆ ਹੈ ਕਿ ਕਦੀ ਭੁਲਾਇਆ ਜਾਣ ਵਾਲਾ ਨਹੀਂ । ਸੱਚ ਪੁਛੋ ਤਾਂ ਇਹ ਸਾਹਿਬਜ਼ਾਦਿਆਂ ਦੀ ਕੁਰਬਾਨੀ ਹੀ ਹੈ ਜਿਸ ਨੇ ਸਿੱਖ ਲਹਿਰ ਨੂੰ 'ਸਿੰਘ ਲਹਿਰ' ਬਣਾ ਕੇ ਇਨਕਲਾਬੀ ਰਸਤੇ ਪਾਇਆ ।

ਬਾਬਾ ਬੰਦਾ ਬਹਾਦਰ ਪਾਸ ਕੋਈ ਵੀ ਐਸਾ ਸਾਜ਼ੋ-ਸਮਾਨ ਨਹੀਂ ਸੀ ਜੋ ਪੰਜਾਬੀਆਂ ਨੂੰ ਹਲੂਣ ਕੇ ਮੁਗ਼ਲਾਂ ਨਾਲ ਲੜਾਉਂਦਾ । ਉਸ ਨੇ ਪੰਜਾਬ ਵਿਚ ਆ ਕੇ ਇਕੋ ਹੋਕਾ ਦਿਤਾ ਸੀ ਕਿ 'ਤੁਹਾਨੂੰ ਚਮਕੌਰ ਯਾਦ ਕਰਦਾ ਹੈ, ਤੁਹਾਨੂੰ ਸਰਹੰਦ ਸੱਦਾ ਦਿੰਦੀ ਹੈ, ਆਓ, ਉਨ੍ਹਾਂ ਮਹਿਲਾਂ ਤੇ ਦੀਵਾਰਾਂ ਨੂੰ ਢਾਹੀਏ, ਜਿਥੇ ਜਾਬਰ ਸ਼ਹਿਨਸ਼ਾਹੀਅਤ ਨੇ ਆਸਣ ਜਮਾਇਆ ਹੋਇਆ ਹੈ ।'

ਆਖ਼ਿਰ ਇਸ ਵੰਗਾਰ ਦਾ ਪੂਰਾ ਪੂਰਾ ਸਤਿਕਾਰ ਤੇ ਜੈ-ਜੈਕਾਰ ਹੋਇਆ ਤੇ ਸ਼ਹੀਦੀਆਂ ਦੀ ਬਰਕਤ ਨਾਲ ਨਵੇਂ 'ਫ਼ਤਿਹਗੜ੍ਹ' ਆਬਾਦ ਹੋਏ । ਸੋ ਇਹ ਅਤਿਕਥਨੀ ਨਹੀਂ ਕਿ ਇਸ ਸ਼ਹਾਦਤ ਨੇ ਸਾਡੇ ਇਤਿਹਾਸ ਨੂੰ ਸਹੀ ਪਾਸੇ ਤੁਰਨ ਲਈ ਸੁਚੱਜੀ ਤੇ ਸ਼ਕਤੀਸ਼ਾਲੀ ਅਗਵਾਈ ਦਿਤੀ ਹੈ । ਤੇ ਸਿੱਖ ਸੰਗਤਾਂ ਸਦਾ ਹੀ ਇਸ ਨੂੰ ਦਿਲੋਂ ਮਨੋਂ ਸ਼ਰਧਾਂਜਲੀ ਅਰਪਣ ਕਰਦੀਆਂ ਆ ਰਹੀਆਂ ਹਨ ।


www.AKJ.Org

ਪੰਜਾਬੀ ਕਵੀਆਂ ਇਸ ਕਥਾ ਨੂੰ ਬਾਰ ਬਾਰ ਨਵੇਂ ਸੁਰਾਂ ਵਿਚ ਗਾਂਵਿਆ ਹੈ, ਕਿੱਸਿਆਂ ਵਿਚ ਵੀ ਤੇ ਵਾਰਾਂ ਜੰਗਨਾਮਿਆਂ ਵਿਚ ਵੀ। ਗੱਲ ਵੀ ਅਨੋਖੀ ਭਾਂਤ ਦੀ ਹੈ। ਜਿਸ ਪਿਤਾ ਦੇ ਚਾਰੇ ਬੱਚੇ ਦੋ ਹਫਤਿਆਂ ਵਿਚ ਇਉਂ ਸ਼ਹੀਦ ਹੋ ਗਏ ਹੋਣ, ਉਸਦੇ ਹਿਰਦੇ ਦੀ ਅਵਸਥਾ ਨੂੰ ਸਮਝਣਾ ਸੌਖੀ ਗੱਲ ਨਹੀਂ। ਇਕ ਕਵੀ ਨੇ ਇਹ ਵੇਦਨਾਮਈ ਮਾਨਸਿਕ ਚਿੱਤਰ ਇਉਂ ਖਿਚਿਆ ਹੈ :

ਖੁਸ਼ੀ ਨਾਲ ਕੁਰਬਾਨੀਆਂ ਦੇਣ ਚਲੇ,
ਜੋੜੀ ਏਸ ਪਾਸੇ ਜੋੜੀ ਓਸ ਪਾਸੇ।
ਉਸ ਵੇਲੇ ਸਰਕਾਰ ਨੂੰ ਖਿਚ ਹੈਸੀ,
ਥੋੜੀ ਏਸ ਪਾਸੇ ਥੋੜੀ ਓਸ ਪਾਸੇ।
ਇਹ ਤਾਂ ਕੋਈ ਵੀ ਆਖ ਨਹੀਂ ਸਕਦਾ ਜੇ,
ਜੋੜੀ ਏਸ ਪਾਸੇ ਤੋੜੀ ਓਸ ਪਾਸੇ।
ਚਾਰੇ ਲਾਲ ਦਸਮੇਸ਼ ਨੇ ਵਾਰ ਕੇ ਤੇ,
ਤੋੜੀ ਏਸ ਪਾਸੇ ਤੋੜੀ ਓਸ ਪਾਸੇ।

## ਉਰਦੂ ਸ਼ਾਇਰ–

ਇਸ ਲਾਸਾਨੀ ਕੁਰਬਾਨੀ ਨੇ ਗੈਰ-ਸਿੱਖ ਕਵੀਆਂ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ, ਇਸ ਵਿਚ ਅੱਲ੍ਹਾ ਯਾਰ ਖਾਂ ਜੋਗੀ ਦਾ ਕਲਾਮ ਕਮਾਲ ਦਾ ਹੈ, ਜਿਸ ਨੇ ਇਨ੍ਹਾਂ ਸ਼ਹੀਦੀ ਸਾਕਿਆਂ ਬਾਰੇ 'ਗੰਜਿ ਸ਼ਹੀਦਾਂ' ਅਤੇ 'ਸ਼ਹੀਦਾਨਿ ਵਫ਼ਾ' ਨਾਂ ਦੀਆਂ ਦੋ ਲੰਮੀਆਂ ਨਜ਼ਮਾਂ ਲਿਖੀਆਂ, ਜੋ ਪਿਛਲੇ ੬੦–੭੦ ਵਰ੍ਹਿਆਂ ਵਿਚ ਬਹੁਤ ਪੜ੍ਹੀਆਂ ਸੁਣੀਆਂ ਗਈਆਂ ਹਨ। ਮਿਰਜ਼ਾ ਮੁਹੰਮਦ ਅਬਦੁਲ ਗ਼ਨੀ ਨੇ 'ਜੌਹਰਿ ਤੇਗ਼' ਨਾਮ ਹੇਠ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਲਿਖੀ ਸੀ, ਉਸ ਦੇ ਸ਼ੇਅਰ ਅਜੇ ਤਕ ਲੋਕਾਂ ਦੀ ਜ਼ਬਾਨ ਤੇ ਹਨ। ਮਿਸਾਲ ਲਈ :

ਲੜਕੇ ਨੇ ਲੜ ਕੇ ਜਾਨ ਦੀ ਆਖ਼ਰ ਜੋ ਜੰਗ ਮੇਂ
ਆਯਾ ਥਾ ਹੌਸਲੇ ਸੇ ਧਰਮ ਕੀ ਉਮੰਗ ਮੇਂ।
ਬੇਟੇ ਕੇ ਕਤਲ ਹੋਨੇ ਕੀ ਪਹੁੰਚੀ ਯੂੰਹੀ ਖ਼ਬਰ
ਜਾਨਾ ਕਿ ਬਾਪ ਨੇ ਹੂਆ ਕਤਲ ਵੁਹ ਪਿਸਰ।
ਸ਼ੁਕਰ ਅਕਾਲ ਪੁਰਖ ਕਾ ਕੀਆ ਝਟ ਉਠਾ ਕੇ ਸਰ
ਔਰ ਅਰਜ਼ ਕੀ ਕਿ ਬੰਦਾ ਪਿ ਕ੍ਰਿਪਾ ਕੀ ਕਰ ਨਜ਼ਰ।
ਮੁਝ ਪਰ ਸੇ ਆਜ ਤੇਰੀ ਅਮਾਨਤ ਅਦਾ ਹੂਈ
ਬੇਟੇ ਕੀ ਜਾਂ ਧਰਮ ਕੀ ਖ਼ਾਤਰ, ਫ਼ਿਦਾ ਹੂਈ।

ਅੱਲ੍ਹਾ ਯਾਰ ਖਾਂ ਜੋਗੀ ਦੇ ਸ਼ਿਅਰਾਂ ਨੂੰ ਕੋਈ ਨਹੀਂ ਰਲਦਾ। ਵੱਡੇ ਸਾਹਿਬਜ਼ਾਦੇ ਚਮਕੌਰ ਵਿਚ ਕੀ ਸੋਚਦੇ ਹਨ ਤੇ ਕੀ ਤੱਕਦੇ ਹਨ; ਸ਼ਾਇਰ ਦੀ ਨਕਸ਼ਾਕਸ਼ੀ ਦੇਖਣ ਵਾਲੀ ਹੈ–

ਜਬ ਦੂਰ ਸੇ ਦਰਿਆ ਕੇ ਕਿਨਾਰੇ ਨਜ਼ਰ ਆਏ।
ਡੂਬੇ ਹੂਏ ਸਰਸਾ ਮੇਂ ਪਿਆਰੇ ਨਜ਼ਰ ਆਏ।
ਯਿਹ ਦੇਖ ਕੇ ਬਿਗੜੇ ਹੂਏ ਸਾਰੇ ਨਜ਼ਰ ਆਏ।
ਬਿਫਰੇ ਹੂਏ ਸਤਿਗੁਰ ਕੇ ਦੁਲਾਰੇ, ਨਜ਼ਰ ਆਏ।
ਕਹਿਤੇ ਥੇ ਇਜਾਜ਼ਤ ਨਹੀਂ ਹੈ ਹਮੇਂ ਰਨ ਕੀ।
ਮੱਟੀ ਤਕ ਉੜਾ ਸਕਤੇ ਹੈਂ, ਦੁਸ਼ਮਨ ਕੇ ਚਮਨ ਕੀ।੨।
ਤੂਫਾਂ-ਜ਼ਦਾ ਦਰਿਆ ਕੋ ਅਭੀ ਪਾਰ ਕਰੇਂਗੇ।
ਠੋਕਰ ਸੇ ਹਰ ਇਕ ਮੌਜ ਕੋ, ਹਮਵਾਰ ਕਰੇਂਗੇ।
ਬਦ ਅਹਿਦ ਸਿਤਮਗਾਰੋਂ ਸੇ, ਪੈਕਾਰ ਕਰੇਂਗੇ।
ਹਮ ਦੋਨੋਂ ਤੋ ਦਸ ਲਾਖ ਕੋ ਫ਼ਿੱਨਾਰ ਕਰੇਂਗੇ।੩।

ਸਤਿਗੁਰੂ ਜੀ ਦੀ ਚੜ੍ਹਦੀ ਕਲਾ ਇਉਂ ਦਸੀ ਹੈ :–

ਜਬ ਡੇੜ ਘੜੀ ਰਾਤ ਗਈ ਜ਼ਿਕਰਿ ਖ਼ੁਦਾ ਮੇਂ
ਖ਼ੇਮੇ ਸੇ ਨਿਕਲ ਆਏ ਸਰਕਾਰ ਹਵਾ ਮੇਂ।
ਕਦਮੋਂ ਸੇ ਟਹਿਲਤੇ ਥੇ, ਮਗਰ ਦਿਲ ਥਾ ਦੁਆ ਮੇਂ
ਬੋਲੇ, 'ਐ ਖ਼ੁਦਾਵੰਦ! ਹੂੰ ਖੁਸ਼ ਤੇਰੀ ਰਜ਼ਾ ਮੇਂ।
ਕਰਤਾਰ ਸੇ ਕਹਿਤੇ ਥੇ ਗੋਇਆ ਰੂ-ਬਰੂ ਹੋ ਕਰ
ਕੱਲ ਜਾਊਂਗਾ ਚਮਕੌਰ ਸੇ ਮੈਂ ਸੁਰਖ਼ਰੂ ਹੋ ਕਰ।੧੦।

ਅੱਲ੍ਹ ਯਾਰ ਖ਼ਾਂ ਜੋਗੀ ਨੇ ਸਿੰਘਾਂ ਲਈ ਸ਼ੇਰ ਦੀ ਵੀ ਤਸ਼ਬੀਹ ਆਮ ਵਰਤੀ ਹੈ, ਜੈਸਾ ਕਿ ਉਹ ਲਿਖਦਾ ਹੈ–

ਜਿਸ ਦਮ ਹੂਏ ਚਮਕੌਰ ਮੇਂ, ਸਿੰਘੋਂ ਕੇ ਉਤਾਰੇ
ਝੁੱਲਾਏ ਹੂਏ ਸ਼ੇਰ ਥੇ, ਸਭ ਗ਼ੈਜ਼ ਕੇ ਮਾਰੇ।੧।.....
ਲਾਖੋਂ ਕੀ ਜਾਨ ਲੇ ਕੇ, ਦਲੇਰੋਂ ਨੇ ਜਾਨ ਦੀ।
ਸਤਿਗੁਰ ਗੁਰੂ ਗੋਬਿੰਦ ਕੇ, ਸ਼ੇਰੋਂ ਨੇ ਜਾਨ ਦੀ।੬੩।

ਸਾਹਿਬਜ਼ਾਦਾ ਜੁਝਾਰ ਸਿੰਘ ਬਾਰੇ ਸ਼ਾਇਰ ਕਹਿੰਦਾ ਹੈ :

ਰੋਕੇ ਸੇ ਕਬੀ ਸ਼ੇਰ ਕਾ ਬੱਚਾ ਭੀ ਰੁਕਾ ਹੈ।
ਝੂਠੇ ਤੋ ਰੁਕੇ ਕੋਈ ਸੱਚਾ ਭੀ ਰੁਕਾ ਹੈ।
ਪਤਝੜ ਮੇਂ ਸਮਰ ਸ਼ਾਖ਼ ਪਿ ਕੱਚਾ ਭੀ ਰੁਕਾ ਹੈ।
ਸਰ ਦੇਨੇ ਸੇ ਰੱਬ ਕੋ, ਕੋਈ ਅੱਛਾ ਭੀ ਰੁਕਾ ਹੈ।੧੦੧।
(ਗੰਜਿ ਸ਼ਹੀਦਾਂ)

ਜ਼ਮਾਨੇ ਨੇ ਦੇਖਿਆ ਕਿ ਸ਼ੇਰ ਦੇ ਬੱਚੇ ਸ਼ੇਰ ਵਾਂਙ ਹੀ ਭਬਕਦੇ ਰਹੇ ਤੇ ਦੁਸ਼ਮਨ ਉਨ੍ਹਾਂ ਤੋਂ ਤ੍ਰਭਕਦੇ ਰਹੇ। ਭੁਝੰਗੀਆਂ ਦੀ ਭਬਕ ਤੇ ਦੋਖੀਆਂ ਦੀ ਤ੍ਰਭਕ ਅਜੇ ਤਕ ਇਤਿਹਾਸ ਨੂੰ ਤੋਰੀ ਆ ਰਹੀ ਹੈ।



www.AKJ.Org

# ਹਰਿ ਦੀਬਾਣਹੁ ਕੋਈ ਕਿਥੈ ਜਾਇਆ ?

ਆਮ ਵੇਖਣ ਵਿਚ ਆਉਂਦਾ ਹੈ ਕਿ ਮਨੁੱਖ ਅਪਰਾਧ ਕਰਦੇ ਹਨ, ਉਨ੍ਹਾਂ ਤੇ ਮੁਕੱਦਮੇ ਚਲਦੇ ਹਨ, ਪਰ ਅੰਤ ਉਨ੍ਹਾਂ ਵਿਚੋਂ ਕਈ ਬਚ ਜਾਂਦੇ ਹਨ, ਵੇਖਣ ਵਾਲੇ ਹੈਰਾਨ ਹੋ ਜਾਂਦੇ ਹਨ ਕਿ ਅਪਰਾਧੀ ਬਚ ਕਿਵੇਂ ਗਿਆ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਪਰ ਕਾਰਨ ਭਾਵੇਂ ਕੁਝ ਵੀ ਹੋਵੇ, ਅਕਲ ਇਹ ਗੱਲ ਨਹੀਂ ਮੰਨਦੀ ਕਿ ਕਸੂਰਵਾਰ ਬੰਦਾ ਬਿਨਾਂ ਸਜ਼ਾ ਪਾਏ ਬਚ ਜਾਏ। ਸਵਾਲ ਉਠਦਾ ਹੈ ਕਿ ਕੀ ਇਹੋ ਜਿਹੇ ਅਪਰਾਧੀਆਂ ਨੂੰ ਸਜ਼ਾ ਦੇਣ ਦਾ ਹੋਰ ਕੋਈ ਸਿਸਟਮ ਹੈ। ਗੁਰਮਤਿ ਇਹ ਗੱਲ ਨਹੀਂ ਮੰਨਦੀ ਕਿ ਕਸੂਰ ਕਰਨ ਵਾਲਾ ਇਸ ਤਰ੍ਹਾਂ ਬਚ ਜਾਏ। ਗੁਰਬਾਣੀ ਵਿਚ ਕਈ ਥਾਂ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਜਿਥੇ ਮਨੁੱਖ ਵਲੋਂ ਕਾਇਮ ਕੀਤਾ ਹੋਇਆ ਨਿਆਂ ਕਮਜ਼ੋਰ ਹੈ ਉਥੇ ਵਾਹਿਗੁਰੂ ਦਾ, ਨਿਆਂ ਦਾ ਸਿਲਸਿਲਾ ਉਤਨਾ ਹੀ ਮਜ਼ਬੂਤ ਹੈ, ਤੇ ਉਥੋਂ ਕੋਈ ਅਪਰਾਧੀ ਬਚ ਨਹੀਂ ਸਕਦਾ। ਵਡਹੰਸ ਰਾਗ ਦੀ ਵਾਰ ਵਿਚ ਲਿਖਿਆ ਹੈ—

ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ,
ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥੧੪॥ (੫੯੧)

ਇਥੇ 'ਦੀਬਾਣ' ਪਦ ਦਾ ਅਰਥ ਸਪੱਸ਼ਟ ਕਰ ਦੇਣਾ ਉਚਿਤ ਹੋਵੇਗਾ। ਇਹ ਸ਼ਬਦ ਅਰਬੀ ਭਾਸ਼ਾ ਦੇ 'ਦੀਵਾਨ' ਤੋਂ ਬਣਿਆ ਹੈ। 'ਦੀਬਾਣ' ਦਾ ਅਰਥ ਉਹੀ ਹੈ, ਜੋ ਅੰਗਰੇਜ਼ੀ ਸ਼ਬਦ 'ਕੋਰਟ' ਦਾ ਹੈ। ਜਿਵੇਂ 'ਕੋਰਟ' ਦੋ ਅਰਥਾਂ ਵਿਚ ਵਰਤਿਆ ਜਾਂਦਾ ਹੈ, 'ਦਰਬਾਰ' ਅਤੇ 'ਅਦਾਲਤ', ਇਸੇ ਤਰ੍ਹਾਂ 'ਦੀਬਾਣ' ਦਾ ਅਰਥ 'ਦਰਬਾਰ' ਵੀ ਹੈ ਤੇ 'ਅਦਾਲਤ' ਵੀ।

ਉਪਰੋਕਤ ਤੁਕ ਤੋਂ ਇਹ ਗੱਲ ਤਾਂ ਸਪੱਸ਼ਟ ਹੋ ਗਈ ਕਿ ਮਨੁੱਖਾਂ ਦੀ ਅਦਾਲਤ ਵਿਚੋਂ ਕੋਈ ਬਚ ਨਿਕਲੇ, ਪਰ ਹਰੀ ਦੀ ਅਦਾਲਤ ਤੋਂ ਕੋਈ ਨਹੀਂ ਬਚ ਸਕਦਾ।

ਪਰ ਕੀ ਵਾਹਿਗੁਰੂ ਦਾ ਕੋਈ ਅਦਾਲਤੀ ਸਿਸਟਮ ਹੈ? ਤੇ ਜੇ ਹੈ ਤਾਂ ਉਸ ਦਾ ਜ਼ਾਬਤਾ ਕੀ ਹੈ? ਗੁਰਬਾਣੀ ਵਿਚੋਂ ਇਸ ਗੱਲ ਦੀ ਗਵਾਹੀ ਮਿਲਦੀ ਹੈ ਕਿ ਵਾਹਿਗੁਰੂ ਦਾ ਇਕ ਵਖਰਾ ਨਿਆਂ-ਪ੍ਰਸ਼ਾਸਨ ਹੈ, ਉਸ ਦਾ ਠੀਕ ਠੀਕ ਵਰਣਨ ਮਨੁੱਖੀ ਭਾਸ਼ਾ ਵਿਚ ਨਹੀਂ ਹੋ ਸਕਦਾ, ਪਰ ਫਿਰ ਵੀ ਦੁਨਿਆਵੀ ਸਿਸਟਮ ਦੀ ਸ਼ਬਦਾਵਲੀ ਵਰਤ ਕੇ ਗੁਰਬਾਣੀ ਵਿਚ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਅਪਰਾਧੀਆਂ ਨੂੰ ਅੱਗੇ ਜਾ ਕੇ ਉਨ੍ਹਾਂ ਦੇ ਕਰਮਾਂ ਦੀ ਸਜ਼ਾ ਜ਼ਰੂਰ ਮਿਲਦੀ ਹੈ। ਗੁਰਬਾਣੀ ਵਿਚ ਇਸ ਸੰਬੰਧ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਵਲੋਂ ਵਰਤੀ ਜਾਂਦੀ ਸ਼ਬਦਾਵਲੀ ਦੀ ਵਰਤੋਂ ਕਰ ਕੇ ਭਾਵ ਸਪੱਸ਼ਟ ਕੀਤਾ ਗਿਆ ਹੈ, ਜਿਵੇਂ ਕਿ ਧਰਮ ਰਾਏ, ਜਮ, ਅਜਰਾਈਲ, ਦੋਜ਼ਖ, ਨਰਕ, ਆਦਿ।

ਦੁਨਿਆਵੀ ਨਿਆਂ-ਪ੍ਰਣਾਲੀ ਵਿਚ ਪਹਿਲ ਕਦਮ ਮੁਲਜ਼ਮ ਦੀ ਤਲਬੀ ਦਾ ਹੁੰਦਾ ਹੈ। ਰੱਬੀ-ਅਦਾਲਤ ਵਿਚ ਵੀ ਇਹੋ ਜਿਹੇ ਸਿਸਟਮ ਦਾ ਸੰਕੇਤ ਮਿਲਦਾ ਹੈ। ਜਿਵੇਂ–

ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥੨॥੧੩॥
(ਮਹਲਾ ੧, ਵਾਰ ਰਾਮਕਲੀ, ੯੫੩)

ਜਾਂ–ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ ॥੫॥ (੭੫੧)

ਕਬੀਰ ਜੀ ਲਿਖਦੇ ਹਨ–

ਆਈ ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ ॥੫॥੨॥੧੫॥ (੪੭੯)

ਕਬੀਰ ਜੀ ਨੇ ਇਸ ਸੰਬੰਧ ਵਿਚ ਇਕ ਘਟਨਾ ਦਾ ਜ਼ਿਕਰ ਕੀਤਾ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਮਨੁੱਖ ਜਿਵੇਂ ਅਦਾਲਤੀ ਸੰਮਨ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ, ਇਸੇ ਤਰ੍ਹਾਂ ਰਬੀ ਬੁਲਾਵੇ ਤੋਂ ਭੀ ਭਜਦਾ ਹੈ। ਕਬੀਰ ਜੀ ਲਿਖਦੇ ਹਨ ਕਿ–



www.AKJ.Org

"ਜਦ ਜਮਦੂਤ ਇਕ ਮਨੁੱਖ ਨੂੰ ਲੈਣ ਲਈ ਆਏ ਅਤੇ ਉਸ ਨੂੰ ਕਿਹਾ ਕਿ ਫ਼ੌਰਨ ਚਲ, ਤੇਰੇ ਅਮਲਾਂ ਦਾ ਲੇਖਾ ਲੈਣਾ ਹੈ। ਤਾਂ ਅੱਗੋਂ ਉਹ ਕਹਿਣ ਲਗਾ ਕਿ ਮੇਰਾ ਕੁਝ ਪਿੰਡਾਂ ਦਾ ਹਿਸਾਬ ਬਾਕੀ ਹੈ, ਜੋ ਮੈਨੂੰ ਅੱਜ ਦੀ ਰਾਤ ਨਿਬੇੜ ਲੈਣ ਦੇਵੋ। ਮਨੁੱਖ ਨੇ ਆਪਣੇ ਸੁਭਾਅ ਅਨੁਸਾਰ ਦੂਤਾਂ ਨੂੰ ਰਿਸ਼ਵਤ ਵੀ ਪੇਸ਼ ਕੀਤੀ ਤੇ ਕਿਹਾ ਕਿ ਤੁਹਾਡਾ ਵੀ ਖ਼ਰਚ ਪੂਰਾ ਕਰ ਦੇਂਦਾ ਹਾਂ।" ਇਹ ਸ਼ਬਦ ਸੂਹੀ ਰਾਗ ਵਿਚ ਹੈ, ਜੋ ਇਸ ਤਰ੍ਹਾਂ ਹੈ–

ਅਮਲੁ ਸਿਰਾਨੋ ਲੇਖਾ ਦੇਨਾ ॥ ਆਏ ਕਠਿਨ ਦੂਤ ਜਮ ਲੇਨਾ ॥
ਕਿਆ ਤੈ ਖਟਿਆ ਕਹਾ ਗਵਾਇਆ ॥ ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥
ਚਲੁ ਦਰਹਾਲੁ ਦੀਵਾਨਿ ਬੁਲਾਇਆ ॥ ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ਰਹਾਉ॥
ਕਰਉ ਅਰਦਾਸਿ ਗਾਵ ਕਿਛੁ ਬਾਕੀ । ਲੇਉ ਨਿਬੇਰਿ ਆਜੁ ਕੀ ਰਾਤੀ ॥
ਕਿਛੁ ਭੀ ਖਰਚ ਤੁਮ੍ਹਾਰਾ ਸਾਰਉ ॥ ਸੁਬਹ ਨਿਵਾਜ ਸਰਾਇ ਗੁਜਾਰਉ ॥੨॥੩॥ (੭੯੨)

ਪਰ ਜਿਵੇਂ ਇਸ ਸ਼ਬਦ ਦੀ ਪਹਿਲੀ ਤੁਕ ਵਿਚ ਲਿਖਿਆ ਹੈ 'ਜਮ ਦੇ ਦੂਤ' 'ਕਠਿਨ' ਹਨ, ਕਿਸੇ ਦਾ ਲਿਹਾਜ਼ ਨਹੀਂ ਕਰਦੇ, ਪੰਜਵੇਂ ਗੁਰੂ ਜੀ ਦਾ ਰਾਗ ਬਿਹਾਗੜਾ ਵਿਚ ਵੀ ਇਸੇ ਤਰ੍ਹਾਂ ਦਾ ਫੁਰਮਾਨ ਹੈ–

ਆਏ ਖਰੇ ਕਠਿਨ ਜਮ ਕੰਕਰਿ ਪਕੜਿ ਲਇਆ ॥੩॥ (੫੪੬)

ਇਸ ਤਰ੍ਹਾਂ ਜਮਦੂਤ ਪਕੜ ਕੇ ਲੈ ਜਾਂਦੇ ਹਨ ਤੇ ਅਦਾਲਤ ਵਿਚ ਪੇਸ਼ ਕਰਦੇ ਹਨ।

ਗੁਰਬਾਣੀ ਕਹਿੰਦੀ ਹੈ ਕਿ ਅਗੇ ਜਾ ਕੇ ਹਰ ਮਨੁੱਖ ਨੂੰ ਆਪਣੇ ਕੀਤੇ ਅਮਲਾਂ ਦਾ ਲੇਖਾ ਦੇਣਾ ਪੈਂਦਾ ਹੈ। ਰਾਮਕਲੀ ਦੀ ਵਾਰ ਵਿਚ ਲਿਖਿਆ ਹੈ–

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥ (੯੫੩)

ਇਸੇ ਤਰ੍ਹਾਂ ਰਾਗ ਮਲਾਰ ਦੀ ਵਾਰ ਵਿਚ ਲਿਖਿਆ ਹੈ–

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥ (੨੮੧)

ਮਨੁੱਖ ਦੀ ਤਲਬੀ ਤੇ ਪੇਸ਼ੀ ਦਾ ਹਾਲ ਆਸਾ ਦੀ ਵਾਰ ਦੀ ਤੀਜੀ ਪਉੜੀ ਵਿਚ ਇਸ ਤਰ੍ਹਾਂ ਦਿੱਤਾ ਗਿਆ ਹੈ–

ਆਪੀਨ੍ਹੈ ਭੋਗ ਭੋਗਿ ਕੈ, ਹੋਇ ਭਸਮੜਿ ਭਉਰੁ ਸਿਧਾਇਆ ॥
ਵਡਾ ਹੋਆ ਦੁਨੀਦਾਰੁ, ਗਲਿ ਸੰਗਲੁ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ, ਬਹਿ ਲੇਖਾ ਕਰਿ ਸਮਝਾਇਆ ॥
ਥਾਉ ਨ ਹੋਵੀ ਪਉਦੀਈ, ਹੁਣਿ ਸੁਣੀਐ ਕਿਆ ਰੂਆਇਆ ॥
ਮਨਿ ਅੰਧੈ ਜਨਮੁ ਗਵ ਇਆ ॥੩॥ (੪੬੪)

ਲੇਖਾ ਲੈਣ ਲਗਿਆਂ ਦੁਨਿਆਵੀ ਅਦਾਲਤਾਂ ਬਹੁਤਾ ਗਵਾਹੀਆਂ ਤੇ ਨਿਰਭਰ ਕਰਦੀਆਂ ਹਨ। ਜਾਪਦਾ ਹੈ ਕਿ ਗੁਰੂ ਜੀ ਦੇ ਵੇਲੇ ਵੀ ਗਵਾਹੀਆਂ ਦਾ ਸਿਸਟਮ ਸੀ, ਇਸ ਲਈ ਲਿਖਿਆ ਹੈ ਕਿ ਸੱਚ ਤੋਂ ਬਿਨਾਂ ਗਵਾਹੀ ਦੇਣ ਵਾਲੇ ਦਾ ਕੁਝ ਵੀ ਬਾਕੀ ਨਹੀਂ ਬਚੇਗਾ–

ਸਚ ਬਿਨੁ ਸਾਖੀ ਮੂਲੋ ਨ ਬਾਕੀ ॥੨੩॥ (ਸਲੋਕ ਵਾਰਾਂ ਤੇ ਵਧੀਕ)

ਰਿਸ਼ਵਤ ਲੈ ਕੇ ਗਵਾਹੀ ਦੇਣ ਵਿਰੁਧ ਵੀ ਕਰੜੀ ਤਾੜਨਾ ਕੀਤੀ ਗਈ ਹੈ—

ਲੈ ਕੇ ਵਢੀ ਦੇਨਿ ਉਗਾਹੀ, ਦੁਰਮਤਿ ਕਾ ਗਲਿ ਫਾਹਾ ਹੇ ॥੩॥ (ਮਾਰੂ ਸੋਲਹੇ ਮ: ੧–੧-੨੩

ਰੱਬੀ ਅਦਾਲਤ ਵਿਚ ਤਾਂ ਮਨੁੱਖ ਦੇ ਪੁੰਨ ਪਾਪ ਹੀ ਗਵਾਹ ਬਣਦੇ ਹਨ—

ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥੯॥ (ਆਸਾ ਮਹਲਾ ੧–੩੫੧)

ਪਰ ਅੰਤਰਜਾਮੀ ਨਿਰੰਕਾਰ ਆਪ ਸਭ ਕੁਝ ਜਾਣਦਾ ਹੈ, ਉਸ ਤੋਂ ਕੋਈ ਪ੍ਰਾਣੀ ਆਪਣੇ ਕੀਤੇ ਪਾਪ ਛੁਪਾ ਨਹੀਂ ਸਕਦਾ–



www.AKJ.Org

ਕਬੀਰ ਜੇਤੇ ਪਾਪ ਕੀਏ, ਰਾਖੇ ਤਲੈ ਦੁਰਾਇ ॥
ਪਰਗਟ ਭਏ ਨਿਦਾਨ ਸਭ, ਜਬ ਪੂਛੇ ਧਰਮਰਾਇ ॥੧੦੫॥ (ਸਲੋਕ ਕਬੀਰ–੧੩੭੦)
ਤੂੰ ਵਲਵੰਚ ਲੂਕਿ ਕਰਹਿ, ਸਭ ਜਾਣੈ ਜਾਣੀ ਰਾਮ ॥੨॥ (ਬਿਹਾਗੜਾ ਮ: ੫ ਛੰਤ–੫੪੬)

ਆਸਾ ਦੀ ਵਾਰ ਦੀ ਦੂਜੀ ਪਉੜੀ ਵਿਚ ਲਿਖਿਆ ਹੈ ਕਿ ਹਰ ਜੀਵ ਦਾ ਲੇਖਾ ਨਾਲੋ ਨਾਲ ਲਿਖਿਆ ਜਾ ਰਿਹਾ ਹੈ–

ਨਾਨਕ ਜੀਅ ਉਪਾਇ ਕੈ, ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ, ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ, ਮੁਹ ਕਾਲ੍ਹੈ ਦੋਜਕਿ ਚਾਲਿਆ ॥
ਤੇਰੈ ਨਾਇ ਰਤੇ ਸੇ ਜਿਣਿ ਗਏ, ਹਾਰਿ ਗਏ ਸਿ ਠਗਣ ਵਾਲਿਆ ॥
ਲਿਖਿ ਨਾਵੈ ਧਰਮੁ ਬਹਾਲਿਆ ॥੨॥ (੪੬੩)

ਇਸ ਤਰ੍ਹਾਂ ਤੀਜੀ ਪਉੜੀ ਵਿਚ ਲਿਖਿਆ ਹੈ–

ਅਗੈ ਕਰਣੀ ਕੀਰਤਿ ਵਾਚੀਐ, ਬਹਿ ਲੇਖਾ ਕਰਿ ਸਮਝਾਇਆ ॥ (੪੬੪)

ਉਸ ਅਦਾਲਤ ਦੀ ਵਿਸ਼ੇਸ਼ ਗੱਲ ਇਹ ਹੈ ਕਿ ਉਥੇ ਕਿਸੇ ਦੀ ਚੁਗਲੀ ਨਹੀਂ ਸੁਣੀ ਜਾਂਦੀ, ਸਗੋਂ ਨਿਆਂ ਅਨੁਸਾਰ ਫ਼ੈਸਲਾ ਕੀਤਾ ਜਾਂਦਾ ਹੈ–

ਹਰਿ ਕੀ ਵਡਿਆਈ ਵਡੀ ਹੈ, ਜਾ ਨਿਆਉ ਹੈ ਧਰਮ ਕਾ ॥
ਹਰਿ ਕੀ ਵਡਿਆਈ ਵਡੀ ਹੈ, ਜਾ ਫਲੁ ਹੈ ਜੀਅ ਕਾ ॥
ਹਰਿ ਕੀ ਵਡਿਆਈ ਵਡੀ ਹੈ, ਜਾ ਨ ਸੁਣਈ ਕਹਿਆ ਚੁਗਲ ਕਾ ॥੬॥(ਵਾਰ ਸਿਰੀ ਰਾਗ–੮੪)

ਹਰ ਸਮਾਜ ਵਿਚ ਸਮੇਂ ਸਮੇਂ ਦੀ ਸੋਚਣੀ ਅਨੁਸਾਰ ਵਖ ਵਖ ਕੰਮਾਂ ਨੂੰ ਅਪਰਾਧ ਮੰਨਿਆ ਜਾਂਦਾ ਹੈ। ਅੱਜ ਕਲ੍ਹ ਵੀ ਕੋਈ ਕੰਮ ਕੁਝ ਚਿਰ ਅਪਰਾਧ ਮੰਨਿਆ ਜਾਂਦਾ ਹੈ, ਪਰ ਬਾਅਦ ਵਿਚ ਨਹੀਂ, ਜਿਵੇਂ ਅਨਾਜ ਦੀ ਤੰਗੀ ਦੇ ਦੌਰਾਨ ਅਨਾਜ ਦਾ ਭੰਡਾਰ ਕਰਨਾ ਜਾਂ ਵਿਆਹ ਸ਼ਾਦੀਆਂ ਆਦਿ ਤੇ ਜ਼ਾਇਆ ਕਰਨਾ ਅਪਰਾਧ ਹੈ, ਪਰ ਜਦ ਇਹ ਤੰਗੀ ਨਹੀਂ ਰਹਿੰਦੀ ਤਾਂ ਭੰਡਾਰ ਕਰਨਾ ਜਾਂ ਜ਼ਾਇਆ ਕਰਨਾ ਦੰਡ ਯੋਗ ਅਪਰਾਧ ਦੀ ਸੂਚੀ ਵਿਚੋਂ ਕਢ ਦਿਤੇ ਜਾਂਦੇ ਹਨ। ਪਰ ਗੁਰਬਾਣੀ ਵਿਚ ਆਮ ਕਰਕੇ ਅਜਿਹੇ ਅਪਰਾਧਾਂ ਲਈ ਸਜ਼ਾਵਾਂ ਦਾ ਵੇਰਵਾ ਦਿੱਤਾ ਗਿਆ ਹੈ, ਜੋ ਹਰ ਜ਼ਮਾਨੇ ਵਿਚ ਅਤੇ ਹਰ ਸਮਾਜ ਵਿਚ ਨਿੰਦਣਯੋਗ ਹਨ, ਜਿਵੇਂ ਕਿ ਚੋਰੀ, ਪਰ-ਇਸਤ੍ਰੀ ਗਮਨ, ਸੰਨ੍ਹ ਲਾਣਾ, ਸ਼ਰਾਬ ਪੀਣਾ ਆਦਿ। ਗਉੜੀ ਦੀ ਵਾਰ ਵਿਚ ਲਿਖਿਆ ਹੈ—

ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥ ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥
ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ ॥ ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥
ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥੨੭॥ (ਵਾਰ ਗਉੜੀ, ੩੧੫)

ਸੋ ਇਸ ਪਉੜੀ ਅਨੁਸਾਰ ਚੋਰੀ ਕਰਨ, ਸ਼ਰਾਬ ਪੀਣ ਤੇ ਪਰ-ਇਸਤ੍ਰੀ ਗਮਨ ਦੀ ਸਜ਼ਾ ਕੋਹਲੂ ਵਿਚ ਤਿਲ ਵਾਂਗ ਪੀੜਨਾ ਹੈ। ਇਸੇ ਤਰ੍ਹਾਂ ਦੋਜ਼ਖ ਵਿਚ ਸੁਟਣਾ, ਗਲ ਵਿਚ ਜ਼ੰਜੀਰ ਪਾਉਣਾ ਅਤੇ ਜੁਤੀਆਂ ਦੀ ਮਾਰ ਆਦਿਕ ਸਜ਼ਾਵਾਂ ਵੀ ਲਿਖੀਆਂ ਹਨ, ਜਿਵੇਂ ਕਿ–

ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥
ਦੋਜਕਿ ਪਾਏ ਸਿਰਜਣਹਾਰੈ, ਲੇਖਾ ਮੰਗੈ ਬਾਣੀਆ ॥੨॥
ਸੰਗਿ ਨ ਕੋਈ ਭਈਆ ਬੇਬਾ ॥ ਮਾਲੁ ਜੋਬਨੁ ਧਨੁ ਛੋਡਿ ਵਞੇਸਾ ॥
ਕਰਣ ਕਰੀਮ ਨ ਜਾਤੋ ਕਰਤਾ, ਤਿਲ ਪੀੜੇ ਜਿਉ ਘਾਣੀਆ ॥੩॥
ਖੁਸਿ ਖੁਸਿ ਲੈਦਾ ਵਸਤੁ ਪਰਾਈ ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥


www.AKJ.Org

ਦੁਨੀਆ ਲਬਿ ਪਇਆ ਖਾਤ ਅੰਦਰਿ, ਅਗਲੀ ਗਲ ਨ ਜਾਣੀਆ ॥੪॥

(ਮਾਰੂ ਮਹਲਾ ੫–੧੦੧੯-੨੦)

ਨਾ ਕੇਵਲ ਇਹ ਸਜ਼ਾਵਾਂ ਹੀ ਹਨ, ਸਗੋਂ ਕਈ ਥਾਂ ਜ਼ਿਕਰ ਆਉਂਦਾ ਹੈ ਕਿ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਰੱਬੀ ਬੰਦੀਖ਼ਾਨਾ (ਜੇਲ੍ਹ) ਵੀ ਹੈ, ਜਿਸ ਨੂੰ 'ਬੰਦਿ ਰਬਾਣੀ' ਦਾ ਨਾਂ ਦਿੱਤਾ ਗਿਆ ਹੈ, ਜਿਵੇਂ ਕਿ–

ਹੁਕਮੀ ਪੈਧਾ ਜਾਇ ਦਰਗਹ ਭਾਣੀਐ ॥ ਹੁਕਮੇ ਹੀ ਸਿਰਿ ਮਾਰ ਬੰਦਿ ਰਬਾਣੀਐ ॥੨੧॥

(ਆਸਾ ਮ: ੧, ਪੰਨਾ ੪੨੦)

ਇਸੇ ਤਰ੍ਹਾਂ ਮਲਾਰ ਦੀ ਵਾਰ ਵਿਚ ਆਉਂਦਾ ਹੈ–

ਇਕਨ੍ਹਾ ਗਲੀਂ ਜੰਜੀਰ ਬੰਦਿ ਰਬਾਣੀਐ ॥ ਬਧੇ ਛੁਟਹਿ ਸਚਿ ਸਚੁ ਪਛਾਣੀਐ ॥ (ਪੰ: ੧੨੮੭)

ਤਪਦੇ ਥੰਮ੍ਹਾਂ ਨਾਲ ਲਾਣਾ ਵੀ ਕਿਸੇ ਕਿਸੇ ਅਪਰਾਧ ਦੀ ਸਜ਼ਾ ਹੈ, ਜਿਵੇਂ–

ਪਕੜੇ ਚਲਾਇਆ ਅਪਣਾ ਕਮਾਇਆ, ਮਹਾ ਮੋਹਨੀ ਰਾਤਿਆ ॥
ਗੁਨ ਗੋਵਿੰਦ ਗੁਰਮੁਖਿ ਨ ਜਪਿਆ, ਤਪਤ ਥੰਮ੍ਹ ਗਲਿ ਲਾਤਿਆ ॥੩॥

(ਬਿਹਾਗੜਾ ਮਹਲਾ ੫ ਛੰਤ, ੫੪੬)

ਚੋਰੀ, ਯਾਰੀ ਅਤੇ ਜੂਆ ਖੇਡਣ ਦੀ ਸਜ਼ਾ ਘਾਣੀ ਵਿਚ ਪੀੜਨਾ ਅਤੇ ਨਿੰਦਕ ਤੇ ਚੁਗਲ ਦੀ ਸਜ਼ਾ ਵੈਤਰਣੀ ਨਦੀ (ਹੜ੍ਹਵਾਣੀ) ਚਿ ਸੁਟਣਾ ਲਿਖਿਆ ਹੈ–

ਚੋਰ ਜਾਰ ਜੂਆਰ ਪੀੜੇ ਘਾਣੀਐ ॥ ਨਿੰਦਕ ਲਾਇਤਬਾਰ ਮਿਲੇ ਹੜ੍ਹਵਾਣੀਐ ॥੨੧॥

(ਵਾਰ ਮਲਾਰ ਮਹਲਾ ੧, ੧੨੮੮)

ਮਧਾਣੀ ਨਾਲ ਮੱਥਣ ਦੀ ਸਜ਼ਾ ਵੀ ਲਿਖੀ ਹੈ–

ਪਾਪੀ ਕਰਮ ਕਮਾਵਦੇ ਕਰਦੇ ਹਾਇ ਹਾਇ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ ॥੯॥

(ਸਲੋਕ ਵਾਰਾਂ ਤੇ ਵਧੀਕ ਮਹਲਾ ੫, ੧੪੨੫)

ਗੱਲ ਕੀ, ਜਿਹੋ ਜਿਹੇ ਕਿਸੇ ਦੇ ਕਰਮ ਹਨ, ਉਹੋ ਜਿਹਾ ਉਸ ਨੂੰ ਫਲ ਮਿਲਦਾ ਹੈ; ਜਿਵੇਂ ਕਿ ਗਉੜੀ ਕੀ ਵਾਰ ਦੀ ਇਸ ਪਉੜੀ ਤੋਂ ਪ੍ਰਗਟ ਹੈ–

ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥ ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ ॥
ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ ॥ ਕਾਈ ਆਸ ਨ ਪੁੰਨੀਆ ਨਿਤ ਪਰ ਮਲੁ ਹਿਰਤੇ ॥
ਕੀਆ ਨ ਜਾਣੈ ਅਕਿਰਤਘਣ ਵਿਚਿ ਜੋਨੀ ਫਿਰਤੇ ॥ ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰਤੇ ॥
ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ ॥ ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥੩੨॥ (੩੧੭)

ਇਸ ਨਿਆਂ-ਪ੍ਰਣਾਲੀ ਵਿਚ ਜਿਥੇ ਪਾਪੀਆਂ ਲਈ ਸਜ਼ਾ ਲਿਖੀ ਹੈ ਉਥੇ ਧਰਮੀਆਂ ਨੂੰ ਹੌਸਲਾ ਵੀ ਦਿੱਤਾ ਗਿਆ ਹੈ, ਤੇ ਕਿਹਾ ਗਿਆ ਹੈ ਕਿ ਉਨ੍ਹਾਂ ਦਾ ਧਰਮਰਾਜ ਕੁਝ ਨਹੀਂ ਵਿਗਾੜ ਸਕਦਾ—

ਧਰਮਰਾਇ ਅਬ ਕਹਾ ਕਰੈਗੋ, ਜਉ ਫਾਟਿਓ ਸਗਲੋ ਲੇਖਾ ॥੩॥੧੯॥

(ਸੋਰਠਿ ਮਹਲਾ ੫, ੬੧੪)

ਧਰਮ ਰਾਇ ਦਰਿ ਕਾਗਦ ਫਾਰੇ, ਜਨ ਨਾਨਕ ਲੇਖਾ ਸਮਝਾ ॥੪॥੫॥

(ਜੈਤਸਰੀ ਮਹਲਾ ੪, ੬੯੮)

ਧਰਮਰਾਜ ਧਰਮੀਆਂ ਦਾ ਆਦਰ ਕਰਦਾ ਹੈ ਅਤੇ ਕਹਿੰਦਾ ਹੈ ਕਿ ਤੁਹਾਡੇ ਆਉਣ ਨਾਲ ਮੇਰਾ ਘਰ ਪਵਿੱਤਰ ਹੋ ਗਿਆ ਹੈ। ਗੱਲ ਕੀ, ਜਿਥੇ ਪਾਪੀਆਂ ਨੂੰ ਸਜ਼ਾ ਮਿਲਦੀ ਹੈ ਉਥੇ ਧਰਮੀਆਂ ਦੀ ਜੈ ਜੈਕਾਰ ਹੁੰਦੀ ਹੈ, ਅਨਿਆਂ ਕਿਸੇ ਨਾਲ ਨਹੀਂ ਹੁੰਦਾ– (ਬਾਕੀ ਵੇਖੋ ਸਫ਼ਾ ੨੯ ਹੇਠ)



www.AKJ.Org

ਗਿ: ਗੋਪਾਲ ਸਿੰਘ ਜੀ 'ਮਿੱਤਰ', ੩੪੦/੪, ਰਾਮ ਨਗਰ, ਗੁੜਗਾਉਂ

# ਦਸਮੇਸ਼ ਆਗਮਨ

ਸੁੱਤੀ ਹੋਈ ਖ਼ਲਕ ਜਗਾਉਣ ਚੜ੍ਹਿਆ ਪੂਰਬ ਗੁੱਠੋਂ ਤਾਰਾ।
ਜਿਸ ਦੇ ਚਾਨਣ ਦੀ ਵਲਗਣ ਨੇ ਵਲਿਆ ਆਣ ਚੁਗਿਰਦਾ ਸਾਰਾ।
ਨੂਰੀ ਰਿਸ਼ਮਾਂ ਫੈਲ ਫੈਲ ਕੇ, ਕੀਤਾ ਦੂਰ ਜਗਤ ਅੰਧਿਆਰਾ।
ਅੰਬਰ ਚਿੱਟੀ ਚਾਂਦੀ ਵੰਡੀ, ਆਇਆ ਧਰਤੀ ਲਈ ਸਹਾਰਾ।

ਗਿੱਧੇ ਪਾਏ ਆਣ ਉਮੀਦਾਂ ਨਚ ਉਠੀਆਂ ਸਭ ਸਧਰਾਂ ਆਸਾਂ।
ਮੋਈਆਂ ਸੁਰਤਾਂ ਸੁਰਤ ਸੰਭਾਲੀ, ਮਿਟ ਗਈਆਂ ਭੁੱਖਾਂ ਤੇ ਪਿਆਸਾਂ।
ਮਿਲਿਆ ਤਾਣ ਨਿਤਾਣਿਆਂ ਤਾਈਂ, ਆਣ ਅਧੀਰਾਂ ਨੂੰ ਧਰਵਾਸਾਂ।
ਨਵ-ਜੀਵਨ ਮਿਲਿਆ ਜੀਵਨ ਨੂੰ, ਖ਼ੁਸ਼ੀਆਂ ਖੇੜੇ ਅਤੇ ਹੁਲਾਸਾਂ।

ਫੁਲ ਮਹਿਕੇ ਗੁਲਜ਼ਾਰਾਂ ਖਿੜੀਆਂ, ਬਾਗ਼ਾਂ ਵਿਚ ਬਹਾਰਾਂ ਆਈਆਂ।
ਸੁੱਤੇ ਹੋਏ ਚਿਰਾਂ ਦੇ 'ਮਿੱਤਰ' ਜਜ਼ਬੇ ਜਾਗੇ ਲੈ ਅੰਗੜਾਈਆਂ।
ਕੰਨੀ ਭਿਣਕ ਪਈ ਆਉਣ ਦੀ, ਆਈ 'ਬੀਰਤਾ' ਕਰ ਕੇ ਧਾਈਆਂ।
ਹਿੰਮਤ ਕਰ ਕੇ ਹਿੰਮਤ ਉੱਠੀ, ਆਣ ਅਣਖ ਗਲਵਕੜੀਆਂ ਪਾਈਆਂ।

ਗਲੀ ਗਲੀ ਵਿਚ ਗੱਲਾਂ ਚਲੀਆਂ, ਬਾਲਕ ਹੈ ਪਰਤਾਪੀ ਭਾਰਾ।
ਕੋਈ ਨੂਰ ਅਗੰਮੀ ਜਿਸ ਦੇ, ਮੁਖੜੇ ਤੇ ਮਾਰੇ ਲਿਸ਼ਕਾਰਾ।
ਸੋਹਣੀ ਸੂਰਤ ਮਨ ਨੂੰ ਮੋਹੇ, ਲਗਦੈ ਮਿੱਠਾ ਪਿਆਰਾ ਪਿਆਰਾ।
ਪਟਨੇ ਅੰਦਰ ਜੋਤ ਨਿਰੰਜਨੀ, ਆਈ ਬਣ ਕੇ ਜਗਤ-ਸਹਾਰਾ।

ਦਰਸ਼ਨ ਅੰਮ੍ਰਿਤ ਪੀ ਪੀ ਰੱਜੇ, ਲੱਖਾਂ ਨੈਣ ਦੀਦਾਰ ਤ੍ਰਿਹਾਏ।
ਮਾਤਾ ਗੁਜਰੀ ਦੀ ਗੋਦੀ ਵਿਚ, ਪ੍ਰਗਟੇ ਗੋਬਿੰਦ ਜਦ ਸੁਣ ਪਾਏ।
'ਭੀਖਣ' ਜਿਹੇ ਪੀਰ ਉਠ ਭੱਜੇ, ਸਜਦੇ ਕੀਤੇ ਸੀਸ ਨਿਵਾਏ।
ਨਰ ਨਾਰੀ ਸਭ ਦੇਣ ਵਧਾਈਆਂ, 'ਮਿੱਤਰ' ਗੁਰੂ ਗੋਬਿੰਦ ਸਿੰਘ ਆਏ।

# ਬਾਲ ਗੋਬਿੰਦ ਪਟਨੇ ਵਿਚ

ਪੰਜ ਸਾਲ ਆਯੂ ਦਾ 'ਗੋਬਿੰਦ ਰਾਏ' ਵੇਖੋ ਜ਼ਰਾ, ਬਾਲਾਂ ਨਾਲ ਖੇਡਦਾ ਤੇ ਕੌਤਕ ਰਚਾਉਂਦਾ।
ਖੜਾ ਕਰੇ ਵਿੱਚ ਮੈਦਾਨ ਹਮਜੋਲੀਆਂ ਨੂੰ, ਆਪ ਕਪਤਾਨ ਬਣ ਸੀਟੀਆਂ ਵਜਾਉਂਦਾ।
ਕਦੀ ਅੱਗੇ ਨਸਦਿਆਂ ਦੀ ਆਪ ਅਗਵਾਈ ਕਰੇ, ਕਦੀ ਪਿੱਛੇ ਭੱਜਦਾ ਤੇ ਉਨ੍ਹਾਂ ਨੂੰ ਭਜਾਉਂਦਾ!
ਜਿਵੇਂ ਕੋਈ ਫੌਜੀ ਦੇਂਦਾ ਟ੍ਰੇਨਿੰਗ ਸਿਪਾਹੀਆਂ ਨੂੰ, ਕਦੀ ਉੱਚੀ ਬੋਲ ਹੱਥ ਖੜੇ ਕਰਵਾਉਂਦਾ.
ਕਾਨਿਆਂ ਦੇ ਤੀਰ ਤੇ ਕਮਾਣਾਂ ਦੇ ਕੇ ਸਾਥੀਆਂ ਨੂੰ, ਚਿਲ੍ਹੇ ਚਾੜ੍ਹ ਛੋੜਦਾ ਤੇ ਉਨ੍ਹਾਂ ਨੂੰ ਸਿਖਾਉਂਦਾ,
ਆਉਂਦੀ ਸਵਾਰੀ ਜਦੋਂ ਨਿਕਲ ਕੇ ਨਵਾਬ ਦੀ, ਤਾਂ ਉਹਨੂੰ ਵੇਖ ਤਾੜੀ ਮਾਰ ਹੱਸਦਾ ਹਸਾਉਂਦਾ।
ਕਦੀ ਕਦੀ ਸਾਥੀਆਂ ਨੂੰ ਲੈ ਕੇ ਗੰਗਾ-ਤਟ ਉੱਤੇ, ਖੇਡਦਾ ਤੇ ਪਾਣੀਆਂ ਚਿ ਤਾਰੀਆਂ ਲੁਆਉਂਦਾ।
ਛੋਟੀ ਜਿਹੀ ਗੇਂਦ ਲੈ ਕੇ ਕਦੀ ਮੁੰਡੇ ਹਾਣੀਆਂ ਨੂੰ, ਘਰਾਂ ਵਿਚੋਂ ਕਢ ਕੇ ਮੈਦਾਨ ਵਿਚ ਲਿਆਉਂਦਾ।
ਉੱਠਦਾ ਸਵੇਰੇ ਦਾਦੀ ਮਾਤਾ ਨੂੰ ਪ੍ਰਣਾਮ ਕਰ, ਸੋਚ ਸ਼ਨਾਨ ਕਰ ਦਹੀਂ ਭਾਤ ਖਾਉਂਦਾ।
ਫੇਰ ਉਹੀ ਸ਼ੁਗਲ ਸੰਗੀ ਸਾਥੀਆਂ ਨੂੰ ਨਾਲ ਲੈ ਕੇ, ਖੇਡਦਾ ਅਜੀਬ ਖੇਡਾਂ 'ਮਿੱਤਰ' ਮਨ ਭਾਉਂਦਾ।



www.AKJ.Org

# ਗੁਰਸਿਖੀ ਦੀ ਏਹ ਨੀਸਾਣੀ

[ਸ: ਨਰੈਣ ਸਿੰਘ ਜੀ ਐਮ.ਏ., ਸਕੱਤਰ, ਸ੍ਰੀ ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਗੁਰਸਿਖੀ ਦੀ ਇਹ ਨਿਸ਼ਾਨੀ ਹੈ ਕਿ "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥"* ਪਰ ਇਹ ਤਦੋਂ ਹੀ ਹੋਵੇਗਾ ਜਦੋਂ ਸਾਡੇ ਅੰਦਰ ਨਿਸਚੇ ਤੌਰ ਤੇ ਇਹ ਦ੍ਰਿੜ੍ਹ ਹੋ ਜਾਵੇਗਾ ਕਿ :

ਬਿਸਰਿ ਗਈ ਸਭ ਤਾਤਿ ਪਰਾਈ ॥ (੧੨੯੯)

ਅਥਵਾ, ਸਾਡਾ ਮਨ ਹਰ ਪ੍ਰਕਾਰ ਦੀ ਈਰਖਾ-ਹਸਦ-ਝੋਰੇ-ਸਾੜੇ ਤੋਂ ਬੇਲਾਗ ਹੋ ਗਿਆ ਹੈ। ਇਕ ਦੁਨੀਆਦਾਰ ਲਈ ਐਸੀ ਦਸ਼ਾ ਅਤਿ ਕਠਨ ਹੈ, ਪਰ ਗੁਰਸਿਖ ਨੇ ਇਸ ਰਾਹੇ ਤੁਰ ਕੇ ਗੁਰੂ ਦਰ ਤੇ ਪਰਵਾਨ ਪੈਣਾ ਹੁੰਦਾ ਹੈ। ਭਾਈ ਗੁਰਦਾਸ ਜੀ ਨੇ ਇਸ ਲਈ ਇਸ ਨੂੰ 'ਗੁਰਸਿਖੀ ਬਾਰੀਕ ਹੈ' ਅਤੇ 'ਖੰਡੇ ਧਾਰੁ ਗਲੀ ਅਤਿ ਭੀੜੀ'† ਜਿਹੇ ਸ਼ਬਦਾਂ ਦੁਆਰਾ ਬਿਆਨ ਕੀਤਾ ਹੈ।

ਇਸ ਕਠਨ ਰਸਤੇ ਤੁਰਨ ਵਾਲੇ ਗੁਰਸਿਖ ਦੇ ਸੁਭਾਉ ਦਾ ਨਿਰਨਾ ਦੇਂਦਾ ਹੋਇ ਭਾਈ ਗੁਰਦਾਸ ਜੀ ਵਾਰ ੨੮ ਦੀ ਪਉੜੀ ੧੩ ਵਿਚ 'ਗੁਰਸਿਖੀ ਦੀ ਏਹ ਨੀਸਾਣੀ' ਦੇ ਹਵਾਲੇ ਗੁਰਸਿਖੀ ਦੀ ਤੁਲਨਾ ਪਾਣੀ ਨਾਲ ਦੇਂਦੇ ਹੋਇ ਕਹਿੰਦੇ ਹਨ, ਪਾਣੀ ਹਮੇਸ਼ਾ ਨਿਵਾਣ ਨੂੰ ਵਹਿੰਦਾ ਹੈ। ਵੈਸੇ ਭੀ ਪਾਣੀ ਸਭ ਤੋਂ ਨੀਵੀਂ ਥਾਂ–ਧਰਤੀ ਦੇ ਭੀ ਥੱਲੇ ਰਹਿੰਦਾ ਹੈ ਅਤੇ ਜੇ ਤੁਸੀਂ ਵਿਸ਼ੇਸ਼ ਜਤਨਾਂ ਦੁਆਰਾ ਪਾਣੀ ਨੂੰ ਧਰਤੀ ਉਪਰ ਜਾਂ ਇਸ ਤੋਂ ਭੀ ਉਚਾ ਲੈ ਜਾਉ ਤਾਂ ਵੀ ਇਹ ਹੇਠਾਂ ਨੂੰ ਅਥਵਾ ਨੀਵੇਂ ਪਾਸੇ ਹੀ ਜਾਵੇਗਾ। ਸੂਰਜ ਆਪਣੀ ਤਪਸ਼ ਦੇ ਬਲ ਪਾਣੀ ਨੂੰ ਅਸਮਾਨ ਤੇ ਚੜ੍ਹਾ ਦੇਂਦਾ ਹੈ, ਪਰੰਤੂ ਪਾਣੀ ਦਾ ਜਦ ਵੀ ਚਾਰਾ ਚੱਲੇ, ਇਹ ਹੇਠਾਂ ਨੂੰ ਹੀ ਡਿਗਦਾ ਹੈ। ਨੀਵਾਂ ਹੋਣਾ ਅਤੇ ਨਿਵਾਣ ਵੱਲ ਜਾਣਾ ਪਾਣੀ ਦਾ ਸੁਭਾਉ ਹੈ। ਫਿਰ ਨਿਰਮਲ ਅਤੇ ਸੀਤਲ ਹੋਣਾ ਵੀ ਇਸ ਦੇ ਸੁਭਾਵੀ ਗੁਣ ਹਨ। ਮੈਲ ਨੂੰ ਧੋ ਦੇਣਾ ਅਤੇ ਭਖਦੇ ਨੂੰ ਠੰਢਾ ਕਰ ਦੇਣਾ ਇਸ ਦੀ ਵਡਿਆਈ ਹੈ। ਇਉਂ ਹੀ ਸਿਖ ਪਾਣੀ ਵਾਂਗ ਨਿਰਮਲ ਤੇ ਸੀਤਲ ਰਹਿੰਦਾ ਹੋਇਆ ਹੋਰਨਾਂ ਦੇ ਮਨਾਂ ਦੀਆਂ ਮੈਲਾਂ ਧੋਣ ਅਤੇ ਉਨ੍ਹਾਂ ਦੇ ਕ੍ਰੋਧ ਦੀ ਅਗਨੀ ਨੂੰ ਬੁਝਾਉਣ ਵਾਲਾ ਹੋਵੇ। ਜਿਵੇਂ ਪਾਣੀ ਧੁੱਪ ਜਾਂ ਅੱਗ ਦੇ ਸੇਕ ਨਾਲ ਤਪ ਕੇ ਵੀ ਅੱਗ ਨੂੰ ਬੁਝਾਉਂਦਾ ਹੈ, ਇਉਂ ਜੇ ਪਰਉਪਕਾਰ ਦੀ ਖ਼ਾਤਰ ਕਦੀ ਸਿਖ ਤਪੇ (ਜੋਸ਼ ਵਿਚ ਵੀ ਆਵੇ) ਤਾਂ ਉਸ ਦਾ ਜੋਸ਼ ਤਪੇ ਹੋਇ ਮਨੁਖਾਂ ਨੂੰ ਠੰਢਾ ਕਰਨ ਵਾਲਾ ਹੋਵੇ। ਉਹ ਏਨਾ ਧੀਰਜਵਾਨ ਹੋਵੇ ਕਿ ਦੂਜਿਆਂ ਦੇ ਅਧੀਰਜ ਉਪਰ ਛਾ ਜਾਏ। ਸੋ ਗੁਰਸਿਖੀ ਦੀ ਵੀ ਇਹੋ ਨਿਸ਼ਾਨੀ ਹੈ ਕਿ ਗੁਰਸਿਖ ਪਾਣੀ ਵਾਂਗ ਸੰਸਾਸ ਤੇ ਵਿਚਰੇ! ਭਾਈ ਗੁਰਦਾਸ ਜੀ ਦੇ ਸ਼ਬਦ ਇਉਂ ਹਨ :—

ਧਰਤੀ ਪੈਰਾ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ॥
ਪਾਣੀ ਚਲੇ ਨੀਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ ॥
ਬਹੁ ਰੰਗੀ ਇਕ ਰੰਗੁ ਹੈ ਸਭਨਾ ਅੰਦਰਿ ਇਕੋ ਜਾਣੀ ॥
ਤੱਤਾ ਹੋਵੈ ਧੁਪ ਵਿਚਿ ਛਾਵੈ ਠੰਢਾ ਵਿਰਤੀ ਹਾਣੀ ॥
ਤਪਦਾ ਪਰਉਕਾਰ ਨੋ ਠੰਢੇ ਪਰਉਪਕਾਰ ਵਿਹਾਣੀ ॥
ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੈ ਬਿਲਮ ਨ ਆਣੀ ॥
ਗੁਰਸਿਖੀ ਦੀ ਏਹ ਨੀਸਾਣੀ ॥੧੩॥ (ਵਾਰ ੨੮)

ਇਸ ਦੀ ਪੁਸ਼ਟੀ ਗੁਰੂ ਜੀ ਆਸਾ ਦੀ ਵਾਰ ਅੰਦਰ ਇਉਂ ਕਰਦੇ ਹਨ :

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥੧॥੧੪॥ (ਪੰਨਾ ੪੭੦)

* ਕਾਨੜਾ ਮਹਲਾ ੫, ਪੰਨਾ ੧੨੯੯। † ਭਾਈ ਗੁਰਦਾਸ ਜੀ, ਵਾਰ ੧੧, ਪਉੜੀ ੫



www.AKJ.Org

ਅਰਥਾਤ, ਤਕੜੀ ਦਾ ਭਾਰਾ ਗੋਰਾ, ਛਾਬਾ ਹਮੇਸ਼ਾ ਨੀਵਾਂ ਹੁੰਦਾ ਹੈ। ਇਉਂ ਹੀ ਆਪਣੇ ਆਪ ਵਿਚ ਨੀਵਾਂ ਹੋ ਤੁਰਨ (ਨਿਮਰਤਾ ਭਾਵਨਾ) ਵਾਲਾ ਮਨੁਖ ਭਾਰਾ ਗੋਰਾ ਅਥਵਾ, ਮਾਣ ਸਤਿਕਾਰ ਦਾ ਪਾਤਰ ਬਣਦਾ ਹੈ। ਸਨਿੰਮਰ ਮਨੁਖ ਦਾ ਵਿਸ਼ੇਸ਼ ਗੁਣ ਉਸ ਦਾ ਧੀਰਜਵਾਨ ਹੋਣਾ ਹੈ। ਉਸ ਦਾ ਹਰ ਬੋਲ, ਹਰ ਕੰਮ ਧੀਰਜ-ਧਾਰੀ ਹੁੰਦਾ ਹੈ। ਉਹ ਕਦੀ ਉੱਛਲ ਉੱਛਲ ਨਹੀਂ ਪੈਂਦਾ, ਜਿਸ ਕਾਰਨ ਹਰ ਕੋਈ ਉਸ ਦੀ ਗੱਲ ਸੁਣਦਾ ਅਤੇ ਉਸ ਦੀ ਵਡਿਆਈ ਕਰਦਾ ਹੈ। ਧੀਰਜ ਹੀ ਮੁਖ਼ਾਲਫ਼ਾਂ ਅੰਦਰੋਂ ਵੈਰ-ਭਾਵਨਾ ਦੂਰ ਕਰਨ ਦਾ ਸਭ ਤੋਂ ਚੰਗਾ ਸਾਧਨ ਹੈ। ਉਸ ਨੂੰ ਸਭ ਕੋਈ ਚੰਗਾ ਜਾਣਦਾ ਹੈ ਅਤੇ ਉਸ ਲਈ ਵੀ ਕੋਈ ਬਿਗਾਨਾ ਨਹੀਂ ਹੁੰਦਾ।

ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਪ੍ਰਥਾਇ ਇਕ ਸੁਨਹਿਰੀ ਅਸੂਲ ਇਉਂ ਦਸਿਆ ਹੈ :

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤਿ ਆਨ ॥੧੬॥ ਸਲੋਕ ਮਹਲਾ ੯, ਪੰਨਾ ੧੪੨੭

ਕਿਸੇ ਨੂੰ ਨਾ ਡਰਾਓ ਅਤੇ ਨਾ ਕਿਸੇ ਦਾ ਭੈ ਮੰਨੋ। ਭੈ ਦੇਣ ਨਾਲ ਸਜਨ ਭੀ ਨਫ਼ਰਤ ਕਰਨ ਲਗਦੇ ਦੁਸ਼ਮਣ ਬਣ ਜਾਂਦੇ ਹਨ, ਅਤੇ ਜੋ ਕਿਸੇ ਦਾ ਭੈ ਮੰਨਦਾ ਹੈ ਉਹ ਭੈ ਦੇਣ ਵਾਲੇ ਨੂੰ ਆਪਣੇ ਉਪਰ ਹਾਵੀ ਕਰਦਾ ਅਤੇ ਉਸ ਨੂੰ ਦੁਸ਼ਮਨੀ ਲਈ ਉਤੇਜਤ ਕਰਦਾ ਹੈ। ਇਸ ਤਰ੍ਹਾਂ ਕਿਸੇ ਦਾ ਭੈ ਮੰਨਣਾ ਜਾ ਕਿਸੇ ਨੂੰ ਭੈ ਦੇਣਾ ਦੋਵੇਂ ਦੁਸ਼ਮਣੀ ਪੈਦਾ ਕਰਨ ਦੇ ਕਾਰਨ ਹੋ ਜਾਂਦੇ ਹਨ। ਇਨ੍ਹਾਂ ਦੋਹਾਂ ਅਵਸਥਾਂ ਵਲੋਂ ਬੇਲਾਗ ਹੋਣ ਵਾਲੇ ਲਈ ਕੋਈ ਵੈਰੀ ਜਾਂ ਬਿਗਾਨਾ ਨਹੀਂ ਰਹਿੰਦਾ, ਨਾ ਉਹ ਕਿਸੇ ਨੂੰ ਓਪਰਾ ਸਮਝਦਾ ਹੈ।

ਪਰ ਆਪਾ ਮਾਰੇ ਬਿਨਾਂ ਇਸ ਰਾਹੇ ਤੁਰਿਆ ਨਹੀਂ ਜਾਂਦਾ। ਗੁਰੂ ਜੀ ਦਾ ਫ਼ੁਰਮਾਨ ਹੈ--

ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇਧਾਰ ॥੩॥੩੧॥

—ਦੇਵਗੰਧਾਰੀ ਮ: ੫, ਪੰਨਾ ੫੨੪

ਅਰਥਾਤ, ਇਸ ਰਾਹੇ ਤੁਰਨ ਵਾਲੇ ਨੂੰ ਮੇਰੇ ਤੇਰੇ ਦਾ ਵਿਚਾਰ, ਨਿਜੀ ਮਾਣ-ਵਡਿਆਈ ਤੇ ਹੋਰ ਸਾਰੀਆਂ ਮੋਹ ਮਮਤਾ ਦੀਆਂ ਪਕੜਾਂ ਛਡਣੀਆਂ ਪੈਂਦੀਆਂ ਹਨ। ਗੁਰੂ ਅਮਰਦਾਸ ਜੀ ਨੇ ਵੀ ਫੁਰਮਾਇਆ ਹੈ–

ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥ [ਅਨੰਦ ਸਾਹਿਬ ੯੧੮

ਬਾਬਾ ਫਰੀਦ ਜੀ ਨੇ ਵੀ ਕਿਹਾ ਸੀ—

ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥੪॥੧॥ (ਪੰਨਾ ੭੯੪)

ਔਖੀਆਂ ਘਾਟੀਆਂ ਲੰਘ ਕੇ ਹੀ ਕੋਈ ਮਰਦ ਅਖਵਾ ਸਕਿਆ ਕਰਦਾ ਹੈ। ਪਗਡੰਡੀਆਂ, ਸੜਕਾਂ ਅਤੇ ਲਿਤੜੇ ਹੋਇ ਰਾਹ-ਖਹਿੜਿਆਂ ਤੇ ਤਾਂ ਹਰ ਕੋਈ ਚਲਾ ਜਾਂਦਾ ਹੈ, ਪਰ ਜੰਗਲ-ਬੀਆਬਾਨ ਅਤੇ ਪਹਾੜ ਚੀਰ ਜਾਣਾ ਕਿਸੇ ਮਰਦ ਦਾ ਹੀ ਕੰਮ ਹੁੰਦਾ ਹੈ; ਇਸੇ ਲਈ ਗੁਰੂ ਜੀ ਫ਼ੁਰਮਾਉਂਦੇ ਹਨ—

ਹੈਨਿ ਵਿਰਲੇ, ਨਾਹੀ ਘਣੇ, ਫੈਲ ਫਕੜੁ ਸੰਸਾਰੁ ॥੧੨॥ (ਪੰਨਾ ੧੪੧੧)

ਫਿਰ ਸਰੀਰ ਅਤੇ ਮਨ ਦੀਆਂ ਕਿਰਿਆਵਾਂ ਆਪੋ ਆਪਣੀਆਂ ਹਨ। ਕਾਠਾ ਤੇ ਬਲਵਾਨ ਹਰ ਮਨੁਖ ਸਰੀਰਕ ਮੁਸ਼ਕਲਾਂ ਤੇ ਤਾਂ ਕਾਬੂ ਸਹਿਜੇ ਪਾ ਲੈਂਦਾ ਹੈ, ਪਰ ਮਨ ਦੀ ਕਠਨ ਕਿਰਿਆ ਕੋਈ ਹਾਠਾ ਮਨ ਹੀ ਕਰ ਸਕਿਆ ਕਰਦਾ ਹੈ; ਕਿਉਂਕਿ ਸਰੀਰ ਸਾਧਣਾ ਸੌਖਾ ਹੈ, ਪਰ—

ਮਨੁ ਅਸਾਧੁ ਸਾਧੈ ਜਨੁ ਕੋਇ ॥ ਅਚਰੁ ਚਰੈ ਤਾ ਨਿਰਮਲੁ ਹੋਇ ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੇ ਵਿਕਾਰ ॥੩॥

ਗਉੜੀ ਗੁਆਰੇਰੀ ਮ: ੫, ਪੰਨਾ ੧੫੯

ਗੁਰੂ ਜੀ ਨੇ ਜਿਥੇ ਗੁਰਸਿਖੀ ਦਾ ਮਾਰਗ ਖੰਡੇ ਦੀ ਧਾਰ ਸਮਾਨ ਬਰੀਕ ਦਸਿਆ ਹੈ ਉਥੇ ਇਸ ਤੇ ਚਲ ਸਕਣ ਦੇ ਸਾਧਨ ਭੀ ਵਿਸਥਾਰ ਨਾਲ ਦਸੇ ਹਨ। ਗੁਰੂ ਅਰਜਨ ਦੇਵ ਜੀ ਇਸ ਰਾਹੇ ਤੁਰਨ ਵਾਲੇ ਨੂੰ 'ਜੀਵਨ-ਮੁਕਤਿ' ਦਾ ਨਾਮ ਦੇਂਦੇ ਹੋਇ ਉਸ ਦੀ ਵਿਆਖਿਆ ਇਉਂ ਕਰਦੇ ਹਨ :—

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥



www.AKJ.Org

ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥
[ਗਉੜੀ ਸੁਖਮਨੀ ਮ: ੫, ਪੰਨਾ ੨੭੫

ਗੁਰੂ ਤੇਗ ਬਹਾਦਰ ਜੀ ਨੇ ਵੀ ਮਨ ਸਾਧਣ ਦੀ ਜੁਗਤੀ ਸੋਰਠਿ ਰਾਗ ਦੇ ਸ਼ਬਦ 'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ' ਅੰਦਰ ਇਉਂ ਦਸੀ ਹੈ—

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥...(ਪੰਨਾ ੬੩੩-੩੪)

ਇਹ ਸਾਰੀਆਂ ਮਨ ਸਾਧਣ ਅਥਵਾ ਮਨ ਨੂੰ ਵਸ ਕਰਨ (self control) ਦੀਆਂ ਜੁਗਤਾਂ ਹਨ। ਜੋ ਕੋਈ ਆਪਣਾ ਮਨ ਸਾਧ ਲੈਂਦਾ ਹੈ, ਉਸ ਨੂੰ ਫਿਰ ਮੋਹ ਮਮਤਾ ਤੇ ਮਾਨ ਅਪਮਾਨ ਨਹੀਂ ਡੁਲਾਉਂਦੇ, ਕਿਉਂਕਿ ਉਸ ਨੂੰ ਕਿਸੇ ਗੱਲ ਦੀ ਪਕੜ ਨਹੀਂ ਰਹਿੰਦੀ। ਉਹ ਸਹਿਜੇ ਹੀ ਨਿਰਭਉ ਅਤੇ ਨਿਰਵੈਰ ਹੋ ਜਾਂਦਾ ਹੈ ਤੇ ਉਸ ਨੂੰ ਕੋਈ ਬਿਗਾਨਾ ਨਹੀਂ ਲਗਦਾ, ਸਭ ਆਪਣੇ ਦਿਸਦੇ ਹਨ। ਉਨ੍ਹਾਂ ਦੀ 'ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ'* ਦੀ ਅਵਸਥਾ ਬਣ ਜਾਂਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਅੰਦਰ ਜੋ ਵਿਸ਼ਲੇਸ਼ਣ ਸਾਧ, ਸੰਤ, ਬ੍ਰਹਮਗਿਆਨੀ ਅਤੇ ਜੀਵਨ-ਮੁਕਤਿ ਦਾ ਕੀਤਾ ਹੈ ਉਹ ਸਾਰਾ ਕੁਛ ਉਨ੍ਹਾਂ ਨੇ ਪਹਿਲੋਂ ਆਪਣੇ ਉਪਰ ਘਟਾਇਆ, ਅਥਵਾ, ਉਸ ਦੀ ਆਪਣੇ ਜੀਵਨ ਅੰਦਰ ਅਜ਼ਮਾਇਸ਼ ਤੇ ਪਰਖ ਕੀਤੀ ਅਤੇ ਵੇਖ ਲਿਆ ਸੀ ਤਾਂ ਹੀ ਉਨ੍ਹਾਂ ਕਿਹਾ—

ਅਬ ਮੋਹਿ ਜੀਵਨ ਪਦਵੀ ਪਾਈ ॥ [ਮਾਰੂ ਮ: ੫, ਪੰਨਾ ੧੦੦੦

ਅਤੇ ਇਸ ਪਦਵੀ ਦੇ ਪਾਉਣ ਦੀ ਜੁਗਤ ਵਡੇ ਸਪੱਸ਼ਟ ਸ਼ਬਦਾਂ ਵਿਚ ਨਿਰਾ ਦਸੀ ਹੀ ਨਹੀਂ, ਸਗੋਂ ਆਪਣੇ ਸਮੁਚੇ ਜੀਵਨ-ਕਾਲ ਵਿਚ ਅਤੇ ਫਿਰ ਅਜਰ ਕਸ਼ਟ ਪੂਰਨ ਅਡੋਲਤਾ ਅੰਦਰ ਸਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰ ਕੇ ਅਮਲੀ ਰੂਪ ਵਿਚ ਦਰਸਾਈ।

* ਆਸਾ ਮਹਲਾ ੫, ਪੰਨਾ ੪੦੦

["ਨਾ ਕੋ ਬੈਰੀ ਨਹੀ ਬਿਗਾਨਾ" ਟ੍ਰੈਕਟ ਵਿਚੋਂ


## ਭ੍ਰਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸੰਤ ਪਦ ਨਿਰਣਯ | ੬-੫੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਅਣਡਿਠੀ ਦੁਨੀਆ | ੧੦-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੫੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਬਾਬਾ ਵੈਦ ਰੋਗੀਆਂ ਦਾ | ੦-੬੦ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਸਿਖੀ ਸਿਦਕ ਤੇ ਧਰਮ ਰੱਖਿਆ(ਕਾਵਿ) | ੦-੬੦ | ਜਥੇ ਦੇ ਸਿੰਘਾਂ ਦੀ ਦਾਸਤਾਨ(ਕਾਵਿ) | ੦-੮੦ |


www.AKJ.Org

# ਵਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ

[ਸ: ਅਤਰ ਸਿੰਘ ਜੀ ਨੀਰ, H. P. ੧੧੦ ਪ੍ਰੀਤਮ ਪੁਰਾ, ਦਿੱਲੀ-੩੪]

ਸੰਨ ਸਤਰਾਂ ਸੋ ਚਾਰ ਸੀ ਦਸੰਬਰ ਇਕੀ,
ਬੁਕਲ ਮਾਰ ਕੇ ਸੌਂ ਗਈ ਸੂਰਜ ਦੀ ਟਿਕੀ।

ਮੀਂਹ ਝਖੜ ਸੀ ਝੁਲ ਰਿਹਾ ਵਿਚ ਜੋਬਨ ਪੂਰੇ,
ਛਟੇ ਵਜਦੇ ਇਸ ਤਰ੍ਹਾਂ ਜਿਉਂ ਵਜਣ ਹੂਰੇ।

ਨਿਕਲੇ ਬਾਹਰ ਕਿਲ੍ਹੇ ਤੋਂ ਫੌਜਾਂ ਦੇ ਵਾਲੀ,
ਕਰ ਕੇ ਪੁਰੀ-ਅਨੰਦ ਨੂੰ ਬਿਲਕੁਲ ਹੀ ਖ਼ਾਲੀ।

ਚਾਲੀ ਸਿੰਘ ਸੀ ਨਾਲ ਤੇ ਦੋ ਨਾਜ਼ਾਂ ਪਾਲੇ,
ਪੰਦਰਾਂ ਤੇ ਅਠਾਰਾਂ ਸਾਲ ਦੇ ਸਨ ਦੋਨੋਂ ਹਾਲੇ।

ਸਰਸਾ ਨਦੀ ਸੂਕਦੀ ਅਗੋਂ ਚੜ੍ਹ ਆਈ,
ਹੋ ਕੇ ਪਾਰ ਚਮਕੌਰ ਵਿਚ ਜਾ ਪੁਜੇ ਮਾਹੀ।

ਲਾਇਆ ਡੇਰਾ ਗੜ੍ਹੀ ਵਿਚ ਤੱਕ ਉਚੀ ਟਿੱਬੀ,
ਬਣਤਰ ਕੱਚੀ ਮਿਟੀ ਦੀ ਸੀ ਵਿੰਗੀ ਛਿੱਬੀ।

ਪਿੱਛਾ ਕੀਤੀ ਆ ਰਿਹਾ ਲਸ਼ਕਰ ਤੁਰਕਾਨੀ,
ਲਾਲ ਹਨੇਰੀ ਵਾਂਗਰਾਂ ਧੂੜਾਂ ਅਸਮਾਨੀ।

ਨਫ਼ਰੀ ਹੋਸੀ ਦਸ ਲੱਖ ਦੀ ਵਡੀ ਭਾਰੀ,
ਦਾਰੂ ਸਿੱਕਾ ਰੈਫ਼ਲਾਂ ਸਨ ਬੇ-ਸ਼ੁਮਾਰੀ।

ਖਚਰਾਂ ਘੋੜੇ ਹਿਣਕਦੇ ਵਡੇ ਬਹੁਮੁਲੀ,
ਡੱਟ ਗਏ ਗੜ੍ਹੀ ਸਾਹਮਣੇ ਥਾਂ ਤਕ ਕੇ ਖੁਲ੍ਹੀ।

ਹਲਾ ਬੋਲਣ ਵਾਸਤੇ ਸੋਚਣ ਤਦਬੀਰਾਂ,
ਜਾਂਦਿਆਂ ਜਕੜੀਏ ਗੁਰੂ ਨੂੰ ਫੜ ਵਿਚ ਜ਼ੰਜੀਰਾਂ।

ਬੰਨ੍ਹੇ ਮੁਗਲਾਂ ਮੋਰਚੇ ਚੁਣ ਗਭਰੂ ਭਾਰੇ,
ਸਿੰਘਾਂ ਚੋਟਾਂ ਲਾਈਆਂ ਰਣਜੀਤ ਨਗਾਰੇ।

ਤੀਰ ਗੜ੍ਹੀ ਚੋਂ ਨਿਕਲਦੇ ਇਉਂ ਜ਼ਹਿਰ-ਡੰਗੇ,
ਲਗੇ ਜਿਥੇ ਜਿਨ੍ਹੂੰ ਵੀ, ਨਾ ਪਾਣੀ ਮੰਗੇ।

ਮੁਗਲ ਲੜਾਕੂ ਗਜ਼ਬ ਦੇ ਤਕੜੇ ਹਠੀਲੇ,
ਡੱਟ ਕੇ ਵਾਂਗ ਪਹਾੜ ਦੇ ਸਨ ਖੜੇ ਗਠੀਲੇ।

ਮਾਰਾ ਦਿਤੀਆਂ ਇਨ੍ਹਾਂ ਇਉਂ ਕਰ ਕਰ ਕੇ ਚਾਰਾ,
ਸਿੰਘਾਂ ਦੇ ਮਨ ਪੈ ਰਿਹਾ ਸੀ ਫ਼ਿਕਰਾ ਭਾਰਾ।

ਘੱਟ ਗਈ ਨਫ਼ਰੀ ਅਸਾਂ ਦੀ ਸੁਣੋ ਕਲਗੀਆਂ ਵਾਲੇ,
ਨਾਲ ਲੈ ਜਾਵੋ ਆਪਣੇ ਇਹ ਨੰਨ੍ਹੇ ਬਾਲੇ।

ਛੱਡ ਦੇਵੋ ਗੜ੍ਹੀ ਹੁਣੇ ਹੀ ਬਚ ਜਾਵਣ ਜਾਨਾਂ,
ਪਿਛੇ ਅਸੀਂ ਡਟਾਂਗੇ ਕੱਸ ਤੀਰ ਕਮਾਨਾਂ।

ਤਦ ਚੋਜੀ ਪ੍ਰੀਤਮ ਬੋਲਿਆ, ਇਹ ਕੀ ਵਿਚਾਰੀ,
ਸਿਖੀ ਨਾਲੋਂ ਸਮਝ ਲਈ ਮੇਰੀ ਜਾਨ ਪਿਆਰੀ।

ਤੁਸੀਂ ਹੀ ਮੇਰੇ ਅੰਗ ਸਾਕ ਹੋ ਸਾਰੇ ਮੇਰੇ,
ਨੈਣ ਪ੍ਰਾਣ ਹੋ ਸਿੰਘ ਜੀ ਤੁਸੀਂ ਮੇਰੇ ਚੇਹਰੇ।

ਤੁਸੀਂ ਹੋ ਮੇਰੀਆਂ ਸਧਰਾਂ, ਤੁਸੀਂ ਹੀ ਆਸਾਂ,
ਤੁਸੀਂ ਹੀ ਟੁਕੜੇ ਜਿਗਰ ਦੇ ਮੇਰੀਆਂ ਧਰਵਾਸਾਂ।

ਤੁਸੀਂ ਹੀ ਮੇਰੇ ਖੰਭ ਹੋ, ਤੁਸੀਂ ਬਲ ਧਾਰਾ,
ਤੁਸੀਂ ਹੀ ਮੇਰਾ ਨੂਰ ਹੋ, ਮੈਂ ਕੌਣ ਵਿਚਾਰਾ।

ਇਹ ਕਹਿੰਦਾ ਉਠਿਆ ਪਾਤਸ਼ਾਹ ਜ਼ਰਾ ਮੁਸਕਾ ਕੇ,
ਸਿੰਘਾਂ ਸਾਰੇ ਪਿਆਰਿਆਂ ਨੂੰ ਤੱਕ ਤਕਾ ਕੇ।

ਵਡੇ ਲਾਲ ਅਜੀਤ ਨੂੰ ਸੱਦ ਕੋਲ ਬੁਲਾਇਆ,
ਹਥੀਂ ਆਪਣੇ ਆਪ ਹੀ ਸ਼ੱਸਤਰ ਪਹਿਨਾਇਆ।

ਥਾਪੀ ਮਾਰੀ ਕੰਡ ਤੇ, ਫਿਰ ਕਹਿਆ ਜਾਉ,
ਜੰਗ ਦੇ ਅੰਦਰ ਆਪਣੇ ਜਾ ਜੌਹਰ ਦਿਖਾਉ।

ਵਾਰ ਨਹੀਂ ਖਾਣਾ ਕੰਡ ਤੇ, ਸਿਖੀ ਦੀਆਂ ਸ਼ਾਨਾਂ,
ਮਾਰੋ ਮਲਾਂ ਚੰਨ ਜੀ, ਦੰਗ ਹੋਏ ਜ਼ਮਾਨਾ।

ਪੰਜਾਂ ਸਿੰਘਾਂ ਨਾਲ ਹੋ ਜੈਕਾਰੇ ਲਾਂਦੇ,
ਟੁਟ ਕੇ ਪੈ ਗਏ ਫੌਜ ਤੇ ਤਰਥਲੀਆਂ ਪਾਂਦੇ।

ਦੱਸ ਲਖ ਮੁਗਲਾਂ ਸਾਹਮਣੇ ਗੁਜਰੀ ਦਾ ਪੋਤਾ,
ਬਿਜਲੀ ਵਾਂਗੂ ਚਮਕਦਾ ਬੇਖ਼ੌਫ਼ ਖੜੋਤਾ।

ਤੀਰ ਚਲਾਵੇ ਗ਼ਜ਼ਬ ਦੇ ਇਉਂ ਬੰਨ੍ਹ ਨਿਸ਼ਾਨੇ,
ਇਕ ਇਕ ਥਾਂ ਤੇ ਵੀਹ ਵੀਹ ਜਾ ਲਗਣ ਟਿਕਾਨੇ।

ਤੋਬਾ ਤੋਬ ਪੁਕਾਰਦੇ ਮੁਗਲਾਂ ਦੇ ਜਾਏ,
ਅਲ੍ਹਾ ਅਲ੍ਹਾ ਰੱਖ ਲੈ, ਉਈ ਮੇਰੀਏ ਮਾਏ।

ਹਾ ਹਾ ਕਾਰਾਂ ਮੱਚੀਆਂ, ਪਿਆ ਚੀਕ ਚਿਹਾੜਾ,
ਲੱਤ ਪੱਤ ਲਹੂ ਚਿ ਹੋ ਗਿਆ ਜੰਗੀ ਅਖਾੜਾ।

ਲਾਸ਼ਾਂ ਡਿਗਣ ਇਕ ਦੂਏ ਤੇ ਏਦਾਂ ਆ ਕੇ,
ਪਾਂਡੀ ਸੁਟਣ ਬੋਰੀਆਂ ਜਿਉਂ ਢੇਰਾਂ ਤੇ ਚਾ ਕੇ।



www.AKJ.Org

ਮਾਰਿਆਂ ਨੇਜ਼ਾ ਖਿਚ ਕੇ ਇਉਂ ਵਿਚ ਸੰਜੋਏ,
ਖਿਚਿਆਂ ਬਾਹਰ ਨ ਨਿਕਲਿਆ ਦੋ ਟੋਟੇ ਹੋਏ।
ਦੁਸ਼ਮਨ ਵੇਖ ਕੇ ਕੰਬਿਆ ਨਿਕੇ ਦੀਆਂ ਮਾਰਾਂ,
ਕਿਧਰੇ ਨੇਜ਼ੇ ਮਾਰਦਾ, ਕਿਧਰੇ ਤਲਵਾਰਾਂ।
ਏਧਰ ਗੜ੍ਹੀ ਚਿ ਪਾਤਸ਼ਾਹ, ਤੱਕ ਤੱਕ ਮੁਸਕਾਂਦੇ,
ਦੁਸ਼ਮਨ ਤਾਈਂ ਅਜੀਤ ਜੀ, ਜੋ ਹੱਥ ਵਿਖਾਂਦੇ।
ਘੋੜਾ ਜ਼ਖਮੀ ਹੋ ਗਿਆ, ਖਾ ਵਾਰ ਅਨੇਕਾਂ,
ਛੇਤੀ ਉਤਰਿਆ ਲਾਡਲਾ, ਘੋੜੇ ਤੋਂ ਹੇਠਾਂ।
ਵਾਹੀ ਉਸ ਤਲਵਾਰ ਫਿਰ, ਵਿਚ ਜੋਸ਼ ਦੇ ਰੱਜ ਕੇ,
ਵੈਰੀ ਨਿਕਲ ਨ ਸਕਿਆ, ਅਗੋਂ ਦੀ ਭੱਜ ਕੇ।
ਅੰਤ ਸ਼ਹੀਦੀ ਪਾ ਗਿਆ, ਲਖਾਂ ਨੂੰ ਦੱਲ ਕੇ,
ਜਿਸਦੇ ਹਨ ਸੰਸਾਰ ਵਿਚ, ਪਏ ਅੱਜ ਵੀ ਥਲਕੇ।
ਮੁਸਕਾਂਦਾ ਜੁਝਾਰ ਸਿੰਘ, ਫਿਰ ਨਿੱਕਾ ਆਇਆ,
ਸਤਿਗੁਰ ਹੱਥੀਂ ਆਪਣੇ ਉਸਨੂੰ ਸਜਾਇਆ।
ਹੱਸ ਹੱਸ ਕੇ ਫਿਰ ਆਖਿਆ ਹੁਣ ਤੇਰੀ ਵਾਰੀ,
ਜਾਣਾ ਬੱਚਿਆ ਤਕੜਾ ਹੋ ਨਾਲ ਤਿਆਰੀ।
ਦੁਸ਼ਮਣ ਨੂੰ ਹੱਥ ਦਸਣੇ ਜਿਉਂ ਵੀਰੇ ਤੇਰੇ,
ਸੁਟੇ ਵਿਚ ਮੈਦਾਨ ਦੇ ਲਾਹ ਘਾਣ ਬਥੇਰੇ।
ਲੈ ਅਸੀਸਾਂ ਤੁਰ ਪਿਆ, ਬਾਪੂ ਤੋਂ ਬੱਚਾ,
ਬੇਸ਼ਕ ਹੈਸੀ ਉਮਰ ਚਿ ਉਹ ਹਾਲੇ ਕੱਚਾ।
ਵੜਿਆ ਜਾ ਮੈਦਾਨ ਵਿਚ, ਜਿਉਂ ਬੰਬ ਦਾ ਗੋਲਾ,
ਟੁਟ ਕੇ ਉਸ ਤੇ ਪੈ ਗਿਆ ਮੁਗਲਾਨੀ ਟੋਲਾ।
ਆਈ ਬਾਰਸ਼ ਗੜ੍ਹੀ ਚੋਂ ਤੀਰਾਂ ਦੀ ਭਾਰੀ,
ਲੋਥਾਂ ਉਤੇ ਲੋਥ ਦੀ, ਹੋ ਰਹੀ ਉਸਾਰੀ।
ਝੂਲ ਕੇ ਜਿਵੇਂ ਤੇਜ਼ ਤੇਜ਼ ਝਖੜ ਹਨੇਰੀ,
ਝੂਣ ਝੂਣ ਕੇ ਬੇਰੀਆਂ, ਕਰ ਦੇਵੇ ਢੇਰੀ।
ਐਸੀ ਸਿੰਘ ਜੁਝਾਰ ਨੇ ਤਲਵਾਰ ਘੁਮਾਈ,
ਹੋਂਦੀ ਵੈਰੀ ਦੀ ਪਈ, ਹਰ ਤਰਫ਼ ਸਫ਼ਾਈ।
ਜੰਗ ਘਮਸਾਣੀ ਮਚਿਆ, ਪੈ ਗਈਆਂ ਦੁਹਾਈਆਂ,
ਵਾਢੀ ਜਿਵੇਂ ਲਾਵਣੀ ਚਿ ਕਰਦਾ ਲਾਈਆਂ।
ਪਾਰ ਬੁਲਾ ਕੇ ਕਈਆਂ ਨੂੰ, ਪਾ ਗਿਆ ਸ਼ਹੀਦੀ,
ਪਰ ਅਖ ਝਵੀਂ ਨ ਜ਼ਰਾ ਵੀ ਮੇਰੇ ਕਲਗੀਧਰ ਦੀ।
ਵਾਰ ਕੇ ਜਿੰਦਾਂ ਬੱਚਿਆਂ, ਇਉਂ ਸਿਖੀ ਪਾਲੀ.
ਜਿਸਦੀ 'ਨੀਰ' ਜਗਤ ਵਿਚ ਅੱਜ ਭਖਦੀ ਲਾਲੀ।

[ਸਫ਼ਾ ੨੩ ਦੀ ਬਾਕੀ]

ਹਰਿ ਆਪਿ ਬਹਿ ਕਰੇ ਨਿਆਉ, ਕੂੜਿਆਰ ਸਭ ਮਾਰਿ ਕਢੋਇ ॥
ਸਚਿਆਰਾ ਦੇਇ ਵਡਿਆਈ, ਹਰਿ ਧਰਮ ਨਿਆਉ ਕੀਓਇ ॥
ਸਭ ਹਰਿ ਕੀ ਕਰਹੁ ਉਸਤਤਿ, ਜਿਨਿ ਗਰੀਬ ਅਨਾਥ ਰਾਖਿ ਲੀਓਇ ॥
ਜੈਕਾਰੁ ਕੀਓ ਧਰਮੀਆ ਕਾ, ਪਾਪੀ ਕਉ ਡੰਡੁ ਦੀਓਇ ॥੧੬॥(ਵਾਰ ਸਿਰੀ ਰਾਗ, ੮੯)

ਸੰਸਾਰਕ ਅਦਾਲਤਾਂ ਦੀ ਪ੍ਰਣਾਲੀ ਇਹ ਗੱਲ ਆਪ ਮੰਨਦੀ ਹੈ ਕਿ ਉਸ ਦੇ ਫ਼ੈਸਲਿਆਂ ਚਿ ਗ਼ਲਤੀ ਦੀ ਗੁੰਜਾਇਸ਼ ਹੈ, ਜਿਸ ਨੂੰ ਠੀਕ ਕਰਨ ਲਈ ਉਚੇਰੀਆਂ ਅਦਾਲਤਾਂ ਬਣਾਈਆਂ ਗਈਆਂ ਹਨ। ਪਰ ਵਾਹਿਗੁਰੂ ਦੇ ਘਰ ਵਿਚ ਕਿਸੇ ਗ਼ਲਤੀ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ, ਇਸ ਲਈ ਉਥੇ ਅਪੀਲ ਦਾ ਕੋਈ ਸਿਸਟਮ ਨਹੀਂ ਹੈ। ਹਾਂ, ਜਿਵੇਂ ਸੰਸਾਰਕ-ਪ੍ਰਣਾਲੀ ਵਿਚ ਰਹਿਮ ਦੀ ਦਰਖ਼ਾਸਤ ਦਿਤੀ ਜਾ ਸਕਦੀ ਹੈ, ਉਸੇ ਤਰ੍ਹਾਂ ਆਪਣੀ ਭੁਲ ਮੰਨ ਕੇ ਵਾਹਿਗੁਰੂ ਅਗੇ ਵੀ ਬਖਸ਼ੀਸ਼ ਕਰਨ ਲਈ ਬੇਨਤੀ ਹੋ ਸਕਦੀ ਹੈ—

ਹਮ ਅਪਰਾਧ ਪਾਪ ਬਹੁ ਕੀਨੇ, ਕਰਿ ਦੁਸਟੀ ਚੋਰ ਚੁਰਾਇਆ ॥
ਅਬ ਨਾਨਕ ਸਰਣਾਗਤਿ ਆਏ, ਹਰਿ ਰਾਖਹੁ ਲਾਜ ਹਰਿ ਭਾਇਆ ॥੪॥੧੧॥੨੫॥੬੩॥
(ਗਉੜੀ ਪੂਰਬੀ ਮਹਲਾ ੪, ੧੭੨)

ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ, ਤਿਨ ਕਾ ਲੇਖਾ ਨ ਗਣਿਆ ॥੧॥ (ਵਡਹੰਸੁ ਮਹਲਾ ੫, ੫੭੭)
ਜਾ ਕਉ ਅਪੁਨੀ ਕਰੈ ਬਖਸੀਸ ॥ ਤਾ ਕਾ ਲੇਖਾ ਨ ਗਨੈ ਜਗਦੀਸ ॥੪॥੧੧॥(ਗਉੜੀ ਸੁਖਮਨੀ, ੨੭੭)
ਸਿਮਰਤ ਨਾਮੁ ਕਿਲਬਿਖ ਸਭਿ ਕਾਟੇ ॥ ਧਰਮਰਾਇ ਕੇ ਕਾਗਰ ਫਾਟੇ ॥੧॥ (੮॥੩)
(ਪ੍ਰਭਾਤੀ ਮਹਲਾ ੫, ੧੩੪੮)

[ਗੁਰਦੁਆਰਾ ਗਜ਼ਟ, ਸਤੰਬਰ ੮੭ ਚੋਂ ਧੰਨਵਾਦ ਸਹਿਤ

www.AKJ.Org

ਗੁਰਮਤਿ ਦੀਆਂ ਕਦਰਾਂ—੬

# ਦੇਖ ਕੇ ਅਣਡਿੱਠ ਕਰਨਾ

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਗੁਰਬਾਣੀ ਵਿਚ ਦੇਖ ਕੇ ਅਣਡਿੱਠ ਕਰਨ ਦਾ ਪਰਤੱਖ ਉਪਦੇਸ਼ ਹੈ। ਇਸੇ ਸੇਧ ਵਿਚ ਹੀ ਦੇਖ ਕੇ ਅਣਡਿੱਠ ਕਰਨ ਵਾਲਿਆਂ ਦਾ ਜ਼ਿਕਰ ਨਾਮ ਜਪਣ ਵਾਲਿਆਂ ਦੇ ਨਾਲ ਹੀ ਅਰਦਾਸ ਵਿਚ ਸ਼ਾਮਲ ਹੈ। ਹਥਲੇ ਲੇਖ ਵਿਚ ਇਸ ਤੇ ਵਿਚਾਰ ਕੀਤੀ ਗਈ ਹੈ ਕਿ ਨਾਮ ਅਭਿਆਸੀ ਲਈ ਇਹ ਕਿਉਂ ਲਾਜ਼ਮੀ ਹੈ। ਖ਼ਾਸ ਕਰ ਕੇ ਅਜੋਕੇ ਸਮੇਂ ਗੁਰਸਿਖਾਂ ਅੰਦਰ 'ਦੇਖ ਕੇ ਅਣਡਿੱਠ' ਕਰਨ ਦੀ ਪਰੰਪਰਾ ਮੁੜ ਕੇ ਸੁਰਜੀਤ ਕਰਨ ਦੀ ਲੋੜ ਹੈ। —ਸੰਪਾਦਕ

ਸਿੱਖ ਦੀ ਅਰਦਾਸ ਵਿਚ 'ਦੇਖ ਕੇ ਅਣਡਿੱਠ' ਕਰਨ ਵਾਲਿਆਂ ਦੀ ਕਮਾਈ ਦਾ ਜ਼ਿਕਰ ਨਾਮ ਜਪਣ ਵਾਲਿਆਂ ਦੇ ਨਾਲ ਨਾਲ ਹੀ ਆਉਂਦਾ ਹੈ, ਇਸ ਦੀ ਮਹੱਤਤਾ ਤਾਂ ਇਸੇ ਗੱਲ ਤੋਂ ਹੀ ਪਰਗਟ ਹੋ ਜਾਂਦੀ ਹੈ। ਪਰ ਵਰਤਮਾਨ ਪੀੜ੍ਹੀ ਨੇ, ਜਿਸ ਨੇ ਪਛਮੀ ਸਿਖਿਆ ਨਾਲ ਆਪਣੇ ਮਨ ਬੁਧੀ ਨੂੰ ਰੁਸ਼ਨਾਇਆ ਹੈ, ਇਸ ਦੇ ਮਹੱਤਵ ਨੂੰ ਤਾਂ ਕੀ ਸਮਝਣਾ ਸੀ, ਉਹ ਇਸ ਦੇ ਡੂੰਘੇ ਅਰਥ-ਭਾਵ ਤੋਂ ਭੀ ਜਾਣੂ ਨਹੀਂ ਹੈ। ਸਗੋਂ ਇਹ ਪੀੜ੍ਹੀ ਕਿੰਤੂ ਕਰਦੀ ਹੈ ਕਿ ਪੁਰਾਤਨ ਗੁਰਸਿਖ ਇਕ ਦੂਜੇ ਦੇ ਵਾਧੇ ਘਾਟੇ ਨੂੰ ਦੇਖ ਕੇ ਅਣਡਿੱਠ ਕਰਦੇ ਹੋਣਗੇ, ਪਰ ਅਸੀਂ ਅਜਿਹਾ ਨਹੀਂ ਕਰਨਾ। ਇਸ ਗੱਲ ਦੀ ਅਸਲੀਅਤ ਤਾਂ ਇਹ ਹੈ ਕਿ ਪੁਰਾਤਨ ਗੁਰਸਿਖਾਂ ਨੇ ਮੁਗਲ ਸਰਕਾਰ ਦੇ ਹੋ ਰਹੇ ਧੱਕੇ ਨੂੰ ਕਦੀ ਭੀ ਦੇਖ ਕੇ ਅਣਡਿੱਠ ਨਹੀਂ ਸੀ ਕੀਤਾ, ਸਦਾ ਸ਼ਸਤਰ ਸੰਭਾਲੀ ਰਖੇ ਅਤੇ ਮੁਗਲ ਸਰਕਾਰ ਨੂੰ ਸੁਖ ਦੀ ਨੀਂਦੇ ਸੌਣ ਨਹੀਂ ਦਿੱਤਾ। ਦਰ-ਅਸਲ ਅਸੀਂ ਦੇਖ ਕੇ ਅਣਡਿੱਠ ਕਰਨ ਦੇ ਓਪਰੀ ਨਜ਼ਰੇ ਸ਼ਬਦਿਕ ਅਰਥ ਹੀ ਲਏ ਹਨ, ਜਦੋਂ ਕਿ ਇਸ ਦੇ ਡੂੰਘੇ ਭਾਵ ਕੁਝ ਹੋਰ ਹਨ। ਇਸ ਦੇ ਅੰਤਰਮੁਖੀ ਭਾਵ ਮਨ ਨੂੰ ਢਹਿੰਦੀ-ਕਲਾ ਤੋਂ ਬਚਾਉਣ ਦੇ ਹਨ।

ਸਾਡਾ ਮਨ ਬਾਹਰਮੁਖੀ ਗੁਣ ਅਉਗੁਣਾਂ ਨੂੰ ਛੇਤੀ ਪਕੜਦਾ ਹੈ ਤੇ ਅੰਦਰ ਲਿਆ ਕੇ "ਹਉਂ" (Ego) ਦੀ ਲਿਬਾਰੇਟਰੀ ਵਿਚ ਹਰ ਗੱਲ ਨੂੰ ਪਰਖਦਾ ਹੈ। ਸਿੱਟੇ ਵਜੋਂ ਕਦੀ ਸਾਡਾ ਮਨ ਪ੍ਰਸੰਨ ਹੁੰਦਾ ਹੈ ਤੇ ਕਦੀ ਦੁਖੀ। ਪ੍ਰਸੰਨ ਉਦੋਂ ਹੁੰਦਾ ਹੈ ਜਦੋਂ ਉਸਦੀ ਹਉਂ ਦੇ ਅਨੁਕੂਲ ਕੋਈ ਗੱਲ ਹੁੰਦੀ ਹੈ ਅਤੇ ਦੁਖੀ ਉਦੋਂ ਹੁੰਦਾ ਹੈ ਜਦੋਂ ਉਸਦੇ ਮਾਣ ਨੂੰ ਧੱਕਾ ਵਜੇ। ਇਸ ਨੂੰ ਰੋਸ ਆਖੀਦਾ ਹੈ। ਗਿਲਾ, ਸ਼ਿਕਵਾ, ਸ਼ਿਕਾਇਤ, ਮੇਹਣਾ, ਤਾਹਨਾ ਇਸ ਦੇ ਵੱਖ ਵੱਖ ਰੂਪ ਹਨ। ਇਹ ਉਦੋਂ ਹੀ ਉਪਜਦੇ ਹਨ ਜਦੋਂ ਸਾਡੀ ਅੰਦਰਲੀ ਹਉਮੈ ਨੂੰ ਠੇਸ ਵਜਦੀ ਹੈ। ਸਾਡੇ ਮਨ ਨੂੰ ਸਧਾਰਨ ਤੌਰ ਤੇ ਨਾਮ ਦੀ ਰੰਗਣ ਦੀ ਬਜਾਏ ਹਉਮੈ ਦਾ ਗੂੜ੍ਹਾ ਰੰਗ ਚੜ੍ਹਿਆ ਹੋਇਆ ਹੁੰਦਾ ਹੈ। ਸਾਡੇ ਅੰਦਰ ਹੀ ਅੰਦਰ ਹਉਮੈ ਦੀਆਂ ਸੂਖਮ ਤਾਰਾਂ ਬਾਹਰੋਂ ਆਈਆਂ ਰੋਸ ਦੀਆਂ ਤਰੰਗਾਂ (Waves) ਨਾਲ ਟਕਰਾਅ ਕੇ ਵਜਣ ਲੱਗ ਪੈਂਦੀਆਂ ਹਨ। ਸਾਡੇ ਅੰਦਰ ਹੀ ਅੰਦਰ "ਹਉਮੈ ਰਾਗ" ਦਾ ਇਕ ਮਾਹੌਲ ਬੱਝ ਜਾਂਦਾ ਹੈ। ਅਤੇ ਜੇ ਇਹ ਰਾਗ ਲੰਬੇ ਸਮੇਂ ਤਕ ਸਾਡੇ ਅੰਦਰ ਵਜਦਾ ਰਹੇ ਤਾਂ ਸਾਡਾ ਤਨ ਤੇ ਮਨ ਇਸ ਦੇ ਅਸਰ ਨਾਲ ਫਿੱਕਾ ਫਿੱਕਾ ਜਿਹਾ ਹੋ ਜਾਂਦਾ ਹੈ। ਇਉਂ ਹੌਲੀ ਹੌਲੀ ਰੋਸ ਕਰਨਾ ਸਾਡੇ ਸੁਭਾਅ ਦਾ ਅਨਿਖੜਵਾਂ ਅੰਗ ਹੀ ਬਣ ਜਾਂਦਾ ਹੈ। ਇਸ ਨਾਲ ਸਾਡੀ ਸ਼ਖਸੀਅਤ ਰਸ-ਭਰਪੂਰ ਹੋਣ ਦੀ ਥਾਂ ਰੋਸ-ਭਰਪੂਰ ਬਣ ਜਾਂਦੀ ਹੈ। ਅਜਿਹਾ ਮਨੁਖ ਫਿਰ ਕਿਸੇ ਨੂੰ ਭੀ ਨਹੀਂ ਬਖਸ਼ਦਾ। ਨੂੰਹ ਸੱਸ ਦਾ ਝਗੜਾ, ਪਤੀ ਪਤਨੀ ਦਾ ਝਗੜਾ, ਪਿਉ ਪੁਤਾਂ ਵਿਚਕਾਰ ਝਗੜਾ, ਤੇ ਹੁਣ ਇਕ ਅਨਹੋਣੀ ਗੱਲ ਵੇਖਣ ਵਿਚ ਆ ਰਹੀ ਹੈ ਕਿ ਨਾਮ ਅਭਿਆਸੀ ਗੁਰਸਿਖਾਂ ਵਿਚਕਾਰ ਭੀ ਪਰਸਪਰ ਰੋਸ ਤੇ ਝਗੜੇ ਹੁੰਦੇ ਹਨ। ਸਿਆਸੀ ਪਾਰਟੀਆਂ ਵਿਚਕਾਰ ਝਗੜੇ ਤਾਂ ਉਪਰੋਕਤ ਹਉਮੈ-ਰਾਗ ਦਾ ਇਕ ਕਾਫ਼ੀ ਵਿਸ਼ਾਲ ਰੂਪ ਹੀ ਆਖਿਆ ਜਾ ਸਕਦਾ ਹੈ। (Power blocks) ਵੱਡੇ ਵੱਡੇ ਦੇਸ਼ਾਂ ਦੇ ਆਪੋ ਵਿਚ ਰੋਸ ਗਿਲੇ, ਇਸ ਹਉਮੈ-ਰਾਗ ਦਾ ਅੰਤਰ-ਰਾਸ਼ਟਰੀ



www.AKJ.Org

ਸਰੂਪ ਹਨ। ਅਜੀਬ ਗੱਲ ਇਹ ਹੈ ਕਿ ਬੀਜ ਵੇਖੋ ਤੇ ਬੀਜ ਤੋਂ ਬਣੇ ਪੇੜ ਦਾ ਪਸਾਰ ਵੇਖੋ। ਆਕਾਰ ਦਾ ਫ਼ਰਕ ਹੈ, ਪਰ ਬੀਜ ਸਭ ਦਾ ਇਕੋ ਹੈ ਹਉਮੈ। ਬੰਦਿਆਂ ਤੇ ਰੋਸ ਕਰਨਾ ਤਾਂ ਸਮਝ ਆ ਸਕਦਾ ਹੈ, ਪਰ ਰੋਸ-ਭਰਪੂਰ ਮਨ ਆਪਣੇ ਸਿਰਜਣਹਾਰ ਨੂੰ ਭੀ ਕੋਸਣ ਲਗ ਪੈਂਦਾ ਹੈ। ਜੇਕਰ ਕੋਈ ਗੱਲ ਉਸਦੀ ਇੱਛਾ ਤੋਂ ਉਲਟ ਹੋ ਜਾਏ ਤਾਂ ਉਹ ਰੱਬ ਨੂੰ ਭੀ ਮੰਦਾ-ਚੰਗਾ ਆਖਦਾ ਵੇਖਿਆ ਸੁਣਿਆ ਹੈ। ਉਹ ਚਾਹੁੰਦਾ ਇਹ ਹੈ ਕਿ ਰੱਬ ਭੀ ਉਸ ਦੀ ਇੱਛਾ-ਅਧੀਨ ਹੋ ਕੇ ਚਲੇ।

ਪਰਮੇਸ਼ਰ ਦੀ ਰਜ਼ਾ ਵਿਚ ਤੁਰਨ ਵਾਲਿਆਂ, ਪ੍ਰਮਾਰਥਕ ਰਾਹ ਦੇ ਪਾਂਧੀਆਂ ਲਈ ਇਹ ਅਤਿ ਲਾਜ਼ਮੀ ਹੈ ਕਿ ਉਹ ਇਸ ਅੰਦਰ-ਵੱਜ-ਰਹੇ-ਹਉਮੈ ਰਾਗ ਨੂੰ ਸਦਾ ਲਈ ਬੰਦ ਕਰਨ। ਉਹ ਸਭ ਤੋਂ ਪਹਿਲਾਂ ਆਪਣੇ ਮਨ ਵਿਚੋਂ ਹਰ ਪ੍ਰਕਾਰ ਦੇ ਰੋਸੇ ਗਿਲੇ, ਸ਼ਿਕਵੇ ਸ਼ਿਕਾਇਤਾਂ, ਨਰਾਜ਼ਗੀਆਂ ਦੂਰ ਵਗਾਅ ਕੇ ਮਾਰਨ ਤੇ ਉਸ ਦੀ ਰਜ਼ਾ-ਦਾ-ਰਸ-ਭਿੰਨਾ ਰਾਗ ਛੇੜਨ। ਜੋ ਮਿਠਾਸ ਤੇ ਅਨੰਦ ਰਜ਼ਾ-ਦੇ-ਰਾਗ ਵਿਚ ਹੈ, ਉਹ 'ਹਉਮੈ-ਰਾਗ' ਵਿਚ ਕਿਥੇ ? ਰਜ਼ਾ ਦੇ ਰਾਗ ਨਾਲ ਮਨ ਨਿਰਮਲ ਹੁੰਦਾ ਹੈ, ਅਤੇ ਸਾਡੀ ਹਿਰਦੇ ਰੂਪ ਖੇਤੀ ਨਾਮ ਦਾ ਬੀਜ ਬੀਜਣ ਲਈ ਗੁਡ-ਸੁਹਾਗ ਕੇ ਤਿਆਰ ਹੁੰਦੀ ਹੈ। ਗੁਰੂ ਪਾਤਸ਼ਾਹ ਭੀ ਇਹੋ ਉਪਦੇਸ਼ ਦਿੰਦੇ ਹਨ :-

ਮੇਰੇ ਮਨ ਕਾਹੇ ਰੋਸੁ ਕਰੀਜੈ ॥

ਲਾਹਾ ਕਲਜੁਗਿ ਰਾਮ ਨਾਮੁ ਹੈ, ਗੁਰਮਤਿ ਅਨਦਿਨੁ ਹਿਰਦੈ ਰਵੀਜੈ ॥੧॥ਰਹਾਉ॥ (ਪੰਨਾ ੧੨੬੨)

ਪਰ ਸਵਾਲ ਇਹ ਹੈ ਕਿ ਰੋਸ ਵਾਲੀ ਬਿਰਤੀ ਨੂੰ ਬਦਲਿਆ ਕਿਵੇਂ ਜਾਵੇ ? ਪੁਰਾਤਨ ਗੁਰਸਿਖਾਂ ਵਿਚ ਇਹ ਰਿਵਾਜ ਸੀ ਕਿ ਜੇ ਕਿਸੇ ਗੁਰਸਿਖ ਨਾਲ ਜਾਂ ਹੋਰ ਕਿਸੇ ਮਨੁਖ ਨਾਲ ਉਹਨਾਂ ਦਾ ਰੁਸ-ਰੁਸੇਵਾਂ ਹੋ ਜਾਂਦਾ ਤਾਂ ਰਾਤ ਪੈਣ ਤੋਂ ਪਹਿਲਾਂ ਉਹ ਮੰਨ-ਮਨੇਵਾਂ ਕਰ ਲੈਂਦੇ ਸਨ। ਰਾਤ ਨਹੀਂ ਸੀ ਲੰਘਣ ਦਿੰਦੇ। ਕਿਉਂਕਿ ਉਹ ਜਾਣਦੇ ਸਨ ਕਿ ਜੇਕਰ ਰਾਤ ਭਰ ਹਉਮੈ ਦਾ ਰਾਗ ਅੰਦਰ ਹੀ ਅੰਦਰ ਵਜਦਾ ਰਿਹਾ ਤਾਂ ਅੰਮ੍ਰਿਤ ਵੇਲੇ ਦੇ ਨਿਤਨੇਮ ਦਾ ਸਵਾਦ ਭੀ ਫਿਕਾ ਹੋ ਜਾਵੇਗਾ, ਤੇ ਨਾਮ-ਅਭਿਆਸ ਦਾ ਰਸ ਵੀ ਨਹੀਂ ਆਏਗਾ। ਇਸੇ ਕਰਕੇ ਉਹ ਆਪਣੇ ਮਨ ਦੀ ਆਤਮਕ ਸਿਹਤ ਲਈ ਛੇਤੀ ਹੀ ਰਾਜ਼ੀਨਾਵਾਂ ਕਰਨਾ ਚੰਗਾ ਸਮਝਦੇ ਸਨ। ਰੋਸ ਨੂੰ ਹਟਾਉਣ ਲਈ 'ਦੇਖ ਕੇ ਅਣਡਿੱਠ' ਕਰਨਾ, ਅਤੇ ਸੁਣ ਕੇ ਅਣਸੁਣੀ ਕਰਨਾ, ਖਿਮਾ ਕਰ ਦੇਣਾ ਇਕ ਉਤਮ ਗੁਣ ਸਮਝਦੇ ਸਨ। ਇਕ ਤਾਂ ਦੇਖ ਕੇ ਅਣਡਿੱਠ ਕਰਨ ਦਾ ਬਾਹਰਲਾ ਸਰੂਪ ਹੈ, ਅਤੇ ਇਸਦਾ ਦੂਜਾ ਸਰੂਪ ਹੈ ਅੰਦਰਲਾ ਜਦੋਂ ਅਸੀਂ ਕਿਸੇ ਦੀ ਕਮਜ਼ੋਰੀ ਨੂੰ ਵੇਖਦੇ ਹਾਂ ਤੇ ਅੰਦਰਲੀ ਸੁਰਤ ਵਿਚ ਸਾਂਭ ਛਡਦੇ ਹਾਂ ਅਤੇ ਮੌਕਾ ਲਗਣ ਤੇ ਉਸਦੀ ਹੋਰ ਚਾਰ ਜਣਿਆਂ ਵਿਚ ਚਰਚਾ ਕਰਦੇ ਹਾਂ, ਕੁਝ ਸੱਚ ਤੇ ਕੁਝ ਆਪਣੇ ਕੋਲੋਂ ਰਲਾ ਕੇ ਦੂਜੇ ਦੀ ਕਮਜ਼ੋਰੀ ਨੂੰ ਵਧਾਅ ਚੜ੍ਹਾ ਕੇ ਦਸਦੇ ਹਾਂ ਤਾਂ ਇਹ ਚਰਚਾ ਨਿੰਦਾ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ "ਮੈਂ ਚੰਗਾ ਤੇ ਉਹ ਮਾੜਾ।" ਇਕ ਤਾਂ ਸਹਿਜੇ ਹੀ ਹਉਂ ਨੂੰ ਪੱਠੇ ਪੈ ਜਾਂਦੇ ਹਨ ਤੇ ਦੂਜਾ ਸਾਡੇ ਅੰਦਰ ਘਿਰਣਾ ਜਨਮ ਲੈਂਦੀ ਹੈ। ਇਉਂ ਅਸੀਂ ਆਪਣੇ ਨਿਰਮਲ ਮਨ ਨੂੰ ਹੋਰਨਾਂ ਦੀ ਮੈਲ ਨਾਲ ਮੈਲਾ ਕਰਨ ਲਗ ਜਾਂਦੇ ਹਾਂ।

ਜੇ ਅਸੀਂ ਕਿਸੇ ਵਿਚ ਕੋਈ ਕਮਜ਼ੋਰੀ ਵੇਖ ਹੀ ਲਈ ਤਾਂ ਇਸ ਦੇ ਦੋ ਹਲ ਹੋ ਸਕਦੇ ਹਨ। ਜੇ ਅਸੀਂ ਪਰਉਪਕਾਰ ਕਰਨਾ ਲੋਚਦੇ ਹਾਂ ਤਾਂ ਉਸ ਗੁਰੂ ਪਿਆਰੇ ਨੂੰ ਪ੍ਰੇਮ ਨਾਲ ਬੇਨਤੀ ਕਰੀਏ। ਤੁਹਾਡੀ ਆਤਮ-ਸ਼ਕਤੀ ਨਾਲ ਉਹ ਜ਼ਰੂਰ ਸੁਧਰ ਜਾਵੇਗਾ। ਦੂਜਾ ਹਲ ਇਹ ਹੈ ਕਿ ਤੁਸੀਂ "ਹੋਊ ਪਰਾਂ" ਕਰ ਕੇ ਆਪਣੇ ਮਨ ਨੂੰ ਮੈਲਾ ਨ ਕਰੋ। ਨਾਮ ਰਸ ਵਿਚ ਮਗਨ ਰਹਿਣ ਦਾ ਜਤਨ ਕਰਨਾ ਹੀ ਉਚਿਤ ਹੈ। ਗੁਰਬਾਣੀ ਭੀ ਇਹੋ ਸਿਫਾਰਸ਼ ਕਰਦੀ ਹੈ— ਕਾਹੂੰ ਬਿਹਾਵੈ ਸੋਧਤ ਜੀਵਤ ॥ ਸੰਤ ਬਿਹਾਵੈ ਹਰਿ ਰਸੁ ਪੀਵਤ ॥੭॥ (ਪੰਨਾ ੯੧੪)

ਸੋ ਪੁਰਾਤਨ ਗੁਰਸਿਖ ਸਦਾ ਹਰਿ-ਜਸ ਪੀਵਣ ਵਿਚ ਸਮਾਂ ਸਫਲਾ ਕਰਦੇ ਸਨ। ਲੋਕਾਂ ਨੂੰ ਸੋਧਣ ਵਾਲੇ ਹੋਰ ਹੁੰਦੇ ਹਨ। ਗੁਰਮੁਖਿ ਹੋਇ ਸੁ ਕਰੇ ਵੀਚਾਰੁ ਓਸੁ ਅਲਿਪਤੋ ਰਹਿਣਾ ॥੧॥੧੩॥ (ਪੰਨਾ ੯੫੩)

ਮਨ ਨਾਲ ਫ਼ੈਸਲਾ ਇਹ ਕਰਨਾ ਹੈ ਕਿ ਕੀ ਰਸ-ਭਰਪੂਰ ਹੋ ਕੇ ਵਿਚਰਨਾ ਹੈ ਜਾਂ ਰੋਸ-ਭਰਪੂਰ ਰਹਿ ਕੇ ਇਹ ਵਡਮੁਲਾ ਜੀਵਨ ਅਜਾਈਂ ਗਵਾ ਦੇਣਾ ਹੈ ?



www.AKJ.Org

# ਸਰਬ ਰੋਗ ਕਾ ਅਉਖਦੁ ਨਾਮੁ

[ਸ: ਹਰਦਿਆਲ ਸਿੰਘ ਜੀ ਆਈ. ਏ. ਐਸ.]

"ਨਾਮ" ਸਰੀਰਕ ਤੇ ਮਾਨਸਿਕ ਸਭ ਤਰ੍ਹਾਂ ਦੇ ਰੋਗਾਂ ਦਾ ਦਾਰੂ ਹੈ। ਲੁਕਾਈ ਇਸ ਰੱਬੀ ਬਖਸ਼ਸ਼ ਤੋਂ ਭੁਲੀ ਭਟਕੀ ਫਿਰਦੀ ਹੈ। ਅਤੇ ਹੋਰ ਕਈ ਤਰ੍ਹਾਂ ਦੇ ਉਪਾਵਾਂ ਤੇ ਦਾਰੂਆਂ ਦਰਮਲਾਂ ਦੇ ਆਸਰੇ ਢੂੰਡ ਢੂੰਡ ਕੇ ਦੁਖਾਂ-ਦਰਦਾਂ ਵਿਚ ਫਾਵੀ ਹੋ ਰਹੀ ਹੈ। ਸ: ਹਰਦਿਆਲ ਸਿੰਘ ਜੀ ਆਈ. ਏ. ਐਸ. ਨੇ ਇਸ ਮਹਾਨ ਕਾਰਜ ਦੀ ਪੂਰਤੀ ਲਈ "ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ" ਕਾਇਮ ਕੀਤਾ ਹੈ ਅਤੇ ਇਸ ਮਿਸ਼ਨ ਨੂੰ ਪ੍ਰਚਾਰਿਆ ਜਾ ਰਿਹਾ ਹੈ। ਉਨ੍ਹਾਂ ਨੇ ਅਮਲੀ ਜੀਵਨ ਰਾਹੀਂ ਨਿਰਣਾ ਕਰ ਕੇ ਦਸਿਆ ਹੈ ਕਿ ਹਰ ਤਰ੍ਹਾਂ ਦੇ ਰੋਗਾਂ ਤੋਂ ਛੁਟਕਾਰਾ ਪਾਉਣ ਲਈ ਸਭ ਤੋਂ ਉਤਮ ਤੇ ਸ੍ਰੇਸ਼ਟ ਸਾਧਨ 'ਨਾਮ ਜਪਣਾ' ਹੈ। —ਸੰਪਾਦਕ

ਇਹ ਗੱਲ ਯਕੀਨਨ ਤੇ ਨਿਸਚੇ ਨਾਲ ਕਹੀ ਜਾ ਸਕਦੀ ਹੈ ਕਿ ਗੁਰਬਾਣੀ ਅਤੇ ਨਾਮ ਰਾਹੀਂ ਸਾਰੇ ਰੋਗਾਂ ਦਾ ਇਲਾਜ ਹੋ ਸਕਦਾ ਹੈ। ਛੋਟੇ ਤੋਂ ਛੋਟਾ ਤੇ ਵੱਡੇ ਤੋਂ ਵੱਡਾ ਰੋਗ, ਚਾਹੇ ਉਹ ਜਾਨ-ਲੇਵਾ ਵੀ ਕਿਉਂ ਨਾ ਹੋਵੇ, ਨਾਮ ਜਪਣ ਨਾਲ ਕਟਿਆ ਜਾਂਦਾ ਹੈ। ਉਪਰੋਕਤ ਵਿਚਾਰ ਸ: ਹਰਦਿਆਲ ਸਿੰਘ ਆਈ. ਏ. ਐਸ. ਪ੍ਰਧਾਨ 'ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ' ਨੇ ਪਿਛਲੇ ਦਿਨੀਂ ਇਕ ਵਿਸ਼ੇਸ਼ ਮੁਲਾਕਾਤ ਦੌਰਾਨ ਪ੍ਰਗਟਾਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਆਪਣੇ ਨਿੱਜੀ ਜੀਵਨ ਦੇ ਤਜਰਬੇ ਤੋਂ ਜੋ ਕੁਝ ਪ੍ਰਾਪਤ ਕੀਤਾ, ਉਸ ਦੀ ਰੌਸ਼ਨੀ ਵਿਚ ਹੀ ਉਹ ਇਸ ਸਿੱਟੇ ਤੇ ਪੁੱਜੇ ਹਨ ਕਿ ਅੰਗਰੇਜ਼ੀ, ਆਯੁਰਵੈਦਿਕ ਤੇ ਹੋਮਿਓਪੈਥੀ ਇਲਾਜ ਗੁਰਬਾਣੀ ਅਤੇ ਨਾਮ ਦਵਾਰਾ ਕੀਤੇ ਜਾਂਦੇ ਇਲਾਜ ਅੱਗੇ ਕੁਝ ਵੀ ਨਹੀਂ।

ਇਸ ਵਿਧੀ ਦਾ ਉਨ੍ਹਾਂ ਨੂੰ ਗਿਆਨ ਕਿਵੇਂ ਹੋਇਆ, ਗੁਰਬਾਣੀ ਕਿਵੇਂ ਪੜ੍ਹੀ ਤੇ ਸੁਣੀ ਜਾਵੇ, ਉਨ੍ਹਾਂ ਦੇ ਮਿਸ਼ਨ ਦਾ ਉਦੇਸ਼ ਤੇ ਪਰਚਾਰ-ਢੰਗ ਕੀ ਹੈ। ਉਹ ਕੀ ਕਰ ਚੁੱਕੇ ਹਨ ਤੇ ਅੱਗੋਂ ਕੀ ਕੁਝ ਕਰਨਾ ਚਾਹੁੰਦੇ ਹਨ, ਇਸ ਬਾਰੇ ਜੋ ਉਨ੍ਹਾਂ ਨਾਲ ਗੱਲਬਾਤ ਹੋਈ, ਉਹ ਪਾਠਕਾਂ ਦੀ ਦਿਲਚਸਪੀ ਲਈ ਪੇਸ਼ ਕਰ ਰਹੇ ਹਾਂ :—

ਜਦੋਂ ਉਨ੍ਹਾਂ ਕੋਲੋਂ ਪੁਛਿਆ ਗਿਆ ਕਿ ਤੁਹਾਨੂੰ ਇਹ ਮਿਸ਼ਨ ਬਣਾਉਣ ਦਾ ਖ਼ਿਆਲ ਕਿਵੇਂ ਆਇਆ ਤਾਂ ਉਨ੍ਹਾਂ ਇਸ ਪ੍ਰਸ਼ਨ ਦੇ ਉੱਤਰ ਵਿਚ ਕਿਹਾ ਕਿ ਅਸਲ ਵਿਚ ਮੈਂ ਖ਼ੁਦ ਦਿਲ ਦੀ ਬੀਮਾਰੀ ਦਾ ਮਰੀਜ਼ ਸੀ। ਮੇਰਾ ਦਿਲ ਵਧ ਗਿਆ ਸੀ। ਮੈਂ ਉਦੋਂ ਸਿਹਤ-ਸਕੱਤਰ ਸੀ ਪੰਜਾਬ ਸਰਕਾਰ ਦਾ। ਮੈਂ ਹਰ ਤਰੀਕੇ ਨਾਲ ਅੰਗਰੇਜ਼ੀ, ਆਯੁਰਵੈਦਿਕ ਤੇ ਹੋਮਿਓਪੈਥੀ ਵਿਚ ਆਪਣਾ ਇਲਾਜ ਕਰਵਾਇਆ। ਕੋਈ ਵੱਡੇ ਤੋਂ ਵੱਡਾ ਡਾਕਟਰ ਵੀ ਨਾ ਛਡਿਆ, ਪਰ ਮੈਨੂੰ ਆਰਾਮ ਕਿਤੋਂ ਵੀ ਨਾ ਆਇਆ। ੧੯੭੦ ਤੋਂ ਲੈ ਕੇ ੧੯੮੦ ਤੱਕ ਇਵੇਂ ਹੀ ਚਲਦਾ ਰਿਹਾ।

ਅਗਸਤ ੧੯੮੦ ਵਿਚ ਮੈਂ ਸ੍ਰੀ ਪਾਉਂਟਾ ਸਾਹਿਬ ਗਿਆ। ਨਿਸਚੇ ਨਾਲ ਦੇਹ ਅਰੋਗਤਾ ਲਈ ਅਰਦਾਸ ਕੀਤੀ ਤੇ ਉੱਚੀ ਉੱਚੀ ਨਾਮ ਜਪਣਾ ਸ਼ੁਰੂ ਕਰ ਦਿੱਤਾ। ਕੁਝ ਦਿਨਾਂ ਅੰਦਰ ਮੈਨੂੰ ਕੁਝ ਆਰਾਮ ਮਹਿਸੂਸ ਹੋਇਆ। ਬੱਸ, ਉਥੋਂ ਮੈਨੂੰ ਨਿਸਚਾ ਹੋ ਗਿਆ ਕਿ ਮੈਂ ਨਾਮ ਜਪਣ ਨਾਲ ਠੀਕ ਹੋ ਜਾਵਾਂਗਾ। ਇਸ ਪਿੱਛੋਂ 'ਵਾਹਿਗੁਰੂ' ਦਾ ਪੱਲਾ ਫੜ ਲਿਆ ਤੇ ਗੁਰਬਾਣੀ ਭਰੋਸੇ ਨਾਲ ਪੜ੍ਹਨੀ ਤੇ ਸੁਣਨੀ ਸ਼ੁਰੂ ਕਰ ਦਿੱਤੀ। ਦੋ ਤਿੰਨ ਵਾਰ ਅਜਿਹੇ ਮੌਕੇ ਆਏ ਕਿ ਮੇਰੇ ਲਈ ਬਾਜ਼ਾਰੋਂ ਦਵਾਈ ਲਿਆਉਣੀ ਤੇ ਮਿਲਣੀ ਔਖੀ ਹੋ ਗਈ। ਮੇਰੀ ਧਰਮ ਪਤਨੀ ਨੇ ਮੇਰੇ ਨਿਸਚੇ ਨੂੰ ਮੁੱਖ ਰੱਖਦਿਆਂ ਆਪਣੇ ਨਿਸਚੇ ਨੂੰ ਦ੍ਰਿੜ੍ਹ ਕਰ ਲਿਆ ਤੇ ਰੋਜ਼ ੩-੪ ਘੰਟੇ ਗੁਰਬਾਣੀ ਸੁਣਾ ਕੇ ਉਸ ਨੇ ਮੈਨੂੰ ਅਰੋਗ ਕਰਾ ਲਿਆ। ਇਸ ਤਰ੍ਹਾਂ ਅਸੀਂ ਨਾਮ ਬਾਣੀ ਨਾਲ ਜੁੜ ਗਏ। ਦੇਖਦਿਆਂ ਦੇਖਦਿਆਂ ਮੇਰੇ ਦਿਲ ਦਾ ਆਕਾਰ ਘਟ ਗਿਆ। ਇਸ਼ ਸੰਬੰਧੀ ਐਕਸਰੇ ਦੀ ਪਹਿਲਾਂ ਤੇ ਬਾਅਦ ਦੀ ਰਿਪੋਰਟ ਮੇਰੇ ਕੋਲ ਮੌਜੂਦ ਹੈ ਤੇ ਮਿਸ਼ਨ ਦੇ ਛਪੇ ਲਿਟਰੇਚਰ ਵਿਚ ਉਸ ਦੀ ਫ਼ੋਟੋ-ਸਟੈੱਟ ਕਾਪੀ ਪ੍ਰਕਾਸ਼ਤ ਕੀਤੀ ਹੋਈ ਹੈ। ਨਾਲ ਡਾਕਟਰਾਂ ਨੇ ਜੋ ਰਿਪੋਰਟ ਦਿੱਤੀ, ਉਹ ਵੀ ਦਰਜ ਹੈ।



www.AKJ.Org

ਇਕ ਪ੍ਰਸ਼ਨ ਦੇ ਉੱਤਰ ਵਿਚ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਵਾਰ ਦੇ ਜੀਅ ਦੁਆਈ ਨਹੀਂ ਵਰਤਦੇ। ਜਦੋਂ ਕੋਈ ਰੋਗ ਹੁੰਦਾ ਜਾਂ ਸ਼ਿਕਾਇਤ ਹੁੰਦੀ ਹੈ, ਉਹ ਨਾਮ ਜਪ ਕੇ ਉਸ ਤੋਂ ਛੁਟਕਾਰਾ ਪਾ ਲੈਂਦੇ ਹਨ। ਉਨ੍ਹਾਂ ਹੋਰ ਦੱਸਿਆ ਕਿ ਇਸ ਪਿੱਛੋਂ ਉਨ੍ਹਾਂ ਇਸ ਗੱਲ ਦਾ ਅਧਿਐਨ ਕੀਤਾ ਤੇ ਸਮਝਣ ਦੀ ਕੋਸ਼ਿਸ਼ ਕੀਤੀ ਕਿ ਬਿਮਾਰੀ ਕਿਉਂ ਲੱਗਦੀ ਹੈ। ਇਸ ਸੰਬੰਧੀ ਸਿਹਤ-ਸਕੱਤਰ ਹੁੰਦਿਆਂ ਉਨ੍ਹਾਂ ਦਾ ਸਿਹਤ ਵਿਭਾਗ ਦੇ ਮੈਗਜ਼ੀਨ 'ਸਿਹਤ' ਵਿਚ ਇਕ ਲੇਖ ਛਪਿਆ, ਜਿਸ ਵਿਚ ਇਸ ਬਾਰੇ ਪੜਚੋਲ ਕੀਤੀ। ਫਿਰ ਇਹੋ ਕੁਝ ਭਾਸ਼ਾ ਵਿਭਾਗ ਦੇ 'ਸਿਮਰਨ ਅੰਕ' ਵਿਚ ਛਪਿਆ। ਇਸ ਵਿਚ ਇਸੇ ਗੱਲ ਤੇ ਜ਼ੋਰ ਦਿੱਤਾ ਸੀ ਕਿ ਨਾਮ ਜਪਣ ਦੀ ਵਿਧੀ ਅਪਨਾਉਣ ਨਾਲ ਹੀ ਦੁਖ ਦੂਰ ਹੁੰਦੇ ਹਨ। ਇਸ ਪਿੱਛੋਂ ਉਨ੍ਹਾਂ ਮੈਡੀਕਲ ਕਾਲਜਾਂ ਵਿਚ ਜਾ ਕੇ ਲੈਕਚਰ ਵੀ ਦਿੱਤੇ। ਕਈ ਡਾਕਟਰ ਹੁਣ ਇਸ ਦੇ ਨਤੀਜੇ ਦੇਖ ਕੇ ਇਸ ਵਿਧੀ ਨੂੰ ਅਪਨਾਉਣ ਦੇ ਰਾਹ ਤੁਰ ਪਏ ਹਨ। ਕਾਫ਼ੀ ਕੁਝ ਦੇਖਣ ਪਿੱਛੋਂ ਅਸੀਂ ਹੁਣ ਇਸ ਸਿੱਟੇ ਤੇ ਪੁੱਜੇ ਹਾਂ ਕਿ ਇਸ ਵਿਧੀ ਨੂੰ ਪ੍ਰਚਾਰਿਆ ਜਾਏ ਤੇ ਲੋਕਾਂ ਨੂੰ ਨਾਮ ਜਪਣ ਵੱਲ ਲਾ ਕੇ ਦੁਖਾਂ ਕਲੇਸ਼ਾਂ ਤੋਂ ਰਹਿਤ ਕੀਤਾ ਜਾਏ।

ਉਨ੍ਹਾਂ ਤੋਂ ਜਦੋਂ ਇਹ ਪੁੱਛਿਆ ਗਿਆ ਕਿ ਤੁਸੀਂ ਇਸ ਵਿਧੀ ਨੂੰ ਅਪਨਾਉਣ ਲਈ ਕਿਹੜਾ ਤਰੀਕਾ ਅਪਣਾਇਆ ਤਾਂ ਉਹਨਾਂ ਕਿਹਾ, ਕੈਂਪ ਲਾਉਣ ਦਾ। ਅਸੀਂ ਗੋਇੰਦਵਾਲ ਸਾਹਿਬ ਤੇ ਮੋਹਾਲੀ ਵਿਚ ਕੈਂਪ ਲਾ ਚੁੱਕੇ ਹਾਂ। ਇਸ ਤੋਂ ਇਲਾਵਾ ਅਸੀਂ ਚੰਡੀਗੜ੍ਹ ਤੋਂ ਬਾਹਰ ਕਰਨਾਲ (ਹਰਿਆਣਾ), ਕੋਟਾ (ਰਾਜਿਸਥਾਨ), ਗੋਹਾਟੀ (ਆਸਾਮ) ਤੇ ਪਟਿਆਲਾ ਵਿਚ ਕੈਂਪ ਲਾਏ ਹਨ। ਜਦੋਂ ਅਗਲੇ ਪ੍ਰੋਗਰਾਮ ਬਾਰੇ ਪੁਛਿਆ ਗਿਆ ਤਾਂ ਉਹ ਕਹਿਣ ਲੱਗੇ, ਇੰਗਲੈਂਡ ਦੀ ਸੰਗਤ ਚਾਹੁੰਦੀ ਹੈ ਕਿ ਉਥੇ ਅਜਿਹਾ ਕੈਂਪ ਲੱਗੇ। ਸੱਦਾ ਆ ਚੁਕਿਆ ਹੈ, ਪਰ ਅਸਾਂ ਜਵਾਬ ਨਹੀਂ ਦਿੱਤਾ।

ਕੀ ਗ਼ੈਰ-ਸਿੱਖਾਂ ਵਾਸਤੇ ਵੀ 'ਨਾਮ ਦਾ ਦਾਰੂ' ਜ਼ਰੂਰੀ ਹੈ? ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ 'ਨਾਮ ਦਾਰੂ' ਦੇ ਚਾਰ ਪੱਖ ਹਨ। ਇਸ ਸੰਬੰਧੀ ਵਿਆਖਿਆ ਕਰਦਿਆਂ ਉਨ੍ਹਾਂ ਦੱਸਿਆ ਕਿ ਪਹਿਲਾ ਪੱਖ ਹੈ ਨਾਮ ਜਪਣਾ-ਪਰਮੇਸ਼ਵਰ ਦੇ ਅਨੇਕਾਂ ਨਾਮ ਹਨ। ਨਾਮ* ਕਿਸੇ ਜ਼ਬਾਨ ਵਿਚ ਜਪਿਆ ਜਾਏ, ਕੋਈ ਇਤਰਾਜ਼ ਨਹੀਂ, ਪਰ ਢੰਗ ਸਹੀ ਹੋਣਾ ਚਾਹੀਦਾ ਹੈ। ਦੂਸਰਾ ਪੱਖ ਹੈ ਪਰਮੇਸ਼ਵਰ ਦੀ ਸਿਫ਼ਤ ਸਲਾਹ। ਪ੍ਰਮਾਤਮਾ ਦਾ ਨਾਮ ਲੈਣ ਜਾਂ ਉਸ ਦੀ ਵਡਿਆਈ ਕਰਨ ਦੀ ਸਭ ਨੂੰ ਖੁਲ੍ਹ ਹੈ। ਤੀਸਰਾ ਪੱਖ ਹੈ ਭਰੋਸਾ—ਭਰੋਸੇ ਨਾਲ ਅਰਥਾਤ ਯਕੀਨ ਜਾਂ ਨਿਸਚੇ ਨਾਲ ਜਾਪ ਕਰਨਾ ਚਾਹੀਦਾ ਹੈ। ਚੌਥਾ ਪੱਖ ਹੈ ਗੁਰਬਾਣੀ—ਗੁਰੂ ਦੀ ਬਖਸ਼ੀ ਬਾਣੀ ਨੂੰ ਪੜ੍ਹਨਾ ਤੇ ਸੁਣਨਾ। ਕੀਰਤਨ ਸੁਨਣ ਤੇ ਕਰਨ ਨਾਲ ਦੁਖ ਕਟੇ ਜਾਂਦੇ ਹਨ। ਗੱਲ ਕੀ, ਉਕਤ ਗੱਲਾਂ ਦਾ ਧਿਆਨ ਰੱਖਦੇ ਹੋਏ ਸਾਰੇ ਹੀ ਧਰਮਾਂ ਦੇ ਲੋਕ ਨਾਮ ਜਪਣ ਦੀ ਵਿਧੀ ਦਾ ਫ਼ਾਇਦਾ ਉਠਾ ਸਕਦੇ ਹਨ।

ਕੀ ਕੈਂਪਾਂ ਵਿਚ ਆਉਣ ਵਾਲੇ ਡਾਕਟਰ ਡਾਕਟਰ ਵੀ ਇਸ ਵਿਧੀ ਤੋਂ ਪ੍ਰਭਾਵਤ ਹੋਏ ਹਨ? ਬਾਰੇ ਪੁੱਛਣ ਤੇ ਇਸ ਦਾ ਜਵਾਬ ਉਨ੍ਹਾਂ 'ਹਾਂ' ਵਿਚ ਦਿੰਦਿਆ ਕਿਹਾ ਕਿ ਡਾ: ਪੂਰਨ ਸਿੰਘ ਜੱਸੀ ਹੋਮਿਓਪੈਥੀ ਦੇ ਮੁਖੀ ਡਾਕਟਰ ਚੁਗ ਇਸ ਤੋਂ ਬਹੁਤ ਪ੍ਰਭਾਵਤ ਹਨ, ਵੈਸੇ ਹੌਲੀ ਹੌਲੀ ਕਈ ਡਾਕਟਰ ਇਸ ਵਿਧੀ ਨੂੰ ਅਪਣਾ ਰਹੇ ਹਨ।

ਜਿਹੜੇ ਸੰਤ ਸ਼ਬਦ ਦਿੰਦੇ ਹਨ ਜਾਂ ਸ਼ਬਦਾਂ ਨਾਲ ਇਲਾਜ ਕਰਦੇ ਹਨ, ਕੀ ਉਹ ਠੀਕ ਹਨ? ਇਸ ਦੇ ਉੱਤਰ ਵਿਚ ਉਨ੍ਹਾਂ ਕਿਹਾ ਕਿ ਹਾਂ ਉਹ ਸੰਤ ਵੀ ਠੀਕ ਹਨ। ਸ਼ਬਦ ਦੇਣ ਦਾ ਮਨੋਰਥ ਨਾਮ ਦੇ ਜਾਪ ਦੁਆਰਾ ਦੁਖ ਨਿਵਾਰਨਾ ਹੈ। ਕਈ ਸੰਤ ਰੋਗੀ ਰਹਿੰਦੇ ਜਾਂ ਰੋਗੀ ਹੋ ਕੇ ਪਰਲੋਕ ਸਿਧਾਰਦੇ ਹਨ? ਬਾਰੇ ਪ੍ਰਸ਼ਨ ਦੇ ਉੱਤਰ ਵਿਚ ਉਨ੍ਹਾਂ ਕਿਹਾ ਕਿ ਸੰਤ ਦੀਆਂ ਦੋ ਸਟੇਜਾਂ ਹਨ, ਜਦੋਂ ਸੰਤ ਅਧੂਰਾ ਹੁੰਦਾ ਹੈ ਉਦੋਂ ਰੋਗ ਉਸ ਨੂੰ ਲੱਗ ਸਕਦਾ ਹੈ, ਜਦੋਂ ਸੰਤ ਉਪਰਲੀ ਸਟੇਜ ਤੇ ਪਹੁੰਚ ਜਾਂਦਾ ਹੈ ਉਦੋਂ ਦੁੱਖ ਉਥੇ ਪਹੁੰਚ ਹੀ ਨਹੀਂ ਸਕਦਾ।

* ਸਤਿਨਾਮ (ਵਾਹਿਗੁਰੂ) ਤੋਂ ਬਿਨਾਂ ਬਾਕੀ ਸਭ ਕਿਰਤਮ ਨਾਮ ਹੈ। ਕਿਰਤਮ ਨਾਮ ਮੁਕਤੀਦਾਤਾ ਨਹੀਂ ਹੈ। ਮੁਕਤੀਦਾਤਾ ਕੇਵਲ ਤੇ ਕੇਵਲ ਪਰਾ-ਪੂਰਬਲਾ ਗੁਰਮਤਿ-ਨਾਮ (ਵਾਹਿਗੁਰੂ) ਹੀ ਹੈ। —ਸੰਪਾਦਕ


www.AKJ.Org

ਤੁਹਾਡੀਆਂ ਨਜ਼ਰਾਂ ਵਿਚ ਰੋਗ ਕਿਨ੍ਹਾਂ ਕਾਰਨਾਂ ਕਰਕੇ ਪੈਦਾ ਹੁੰਦੇ ਹਨ ? ਇਸ ਦੇ ਲਗ ਪਗ ਡੇਢ ਕੁ ਦਰਜਨ ਕਾਰਨ ਗਿਣਾਉਂਦਿਆਂ ਉਨ੍ਹਾਂ ਕਿਹਾ, ਜਿਵੇਂ ਡਰ, ਚਿੰਤਾ, ਕਾਮ, ਕਰੋਧ, ਦਵੈਤ, ਨਿੰਦਾ, ਢਾਊ ਰੁਚੀ, ਚਟਪਟ ਖਾਣਾ, ਈਰਖਾ, ਕਾਹਲ, ਲਾਲਚ, ਸ਼ੱਕੀ ਸੁਭਾਅ, ਬਦਲਾ-ਲਊ ਨੀਤੀ, ਕੌੜਾ ਬੋਲਣਾ, ਅਭਿਮਾਨ, ਮਾੜਾ ਕਰਮ ਤੇ ਪਰਮੇਸ਼ਵਰ ਨੂੰ ਭੁਲਣਾ। ਇਨ੍ਹਾਂ ਤੇ ਕਾਬੂ ਪਾਉਣ ਦੇ ਢੰਗ ਬਾਰੇ ਪੁਛਣ ਤੇ ਉਨ੍ਹਾਂ ਕਿਹਾ ਕਿ ਨਾਮ ਜਪਣਾ, ਗੁਰਬਾਣੀ ਪੜ੍ਹਨੀ, ਗਾਉਣੀ ਅਤੇ ਸੇਵਾ ਕਰਨੀ। ਹਮੇਸ਼ਾ ਭਾਣਾ ਮੰਨਣਾ, ਚੜ੍ਹਦੀ ਕਲਾ ਵਿਚ ਤੇ ਖੁਸ਼ ਰਹਿਣਾ।

ਹੁਣ ਇਹ ਦੱਸੋ ਕਿ 'ਨਾਮ ਕਿਵੇਂ ਜਪਿਆ ਜਾਏ ?'—ਇਸ ਦੇ ਉੱਤਰ ਵਿਚ ਉਨ੍ਹਾਂ ਇੰਜ ਬਿਆਨ ਕੀਤਾ ਕਿ ਨਾਮ ਰਸਨਾ ਨਾਲ ਇਕੋ ਸਾਹ ਵਿਚ ਜਿੰਨੀ ਵਾਰੀ ਸੰਭਵ ਹੋ ਸਕੇ, ਬੋਲ ਬੋਲ ਕੇ ਸਹਿਜ ਨਾਲ ਜਪਣਾ ਹੈ। ਸਾਹ ਆਉਣ ਤੇ ਸਾਹ ਲੈ ਕੇ ਫਿਰ ਪਹਿਲੀ ਤਰ੍ਹਾਂ ਜਪਣਾ ਸ਼ੁਰੂ ਕਰ ਦੇਣਾ ਹੈ ਤੇ ਇਸੀ ਵਿਧੀ ਨਾਲ ਜਪੀ ਜਾਣਾ ਹੈ। ਸਾਹ ਰੋਕਣ ਵਿਚ ਕਿਸੇ ਕਿਸਮ ਦਾ ਹੱਠ ਨਹੀਂ ਕਰਨਾ, ਪਰੰਤੂ ਅਭਿਆਸ ਨਾਲ ਆਪਣੇ ਆਪ ਹੀ ਸਾਹ ਰੋਕਣ ਦਾ ਸਮਾਂ ਵਧ ਜਾਏਗਾ, ਵਾਹਿਗੁਰੂ ਸ਼ਬਦ ਦੇ ਕਿਸੇ ਭਾਗ ਤੇ ਜ਼ੋਰ ਦੇਣਾ ਜਾਂ ਲਮਕਾ ਦੇਣਾ ਉਚਿਤ ਨਹੀਂ। ਉਚਾਰਨ ਸੁਭਾਵਕ ਤੇ ਸਹਿਜ ਨਾਲ ਹੋਵੇ, ਤੇਜ਼ ਜਾਂ ਕਾਹਲ ਵਿਚ ਨਹੀਂ। ਅਰੰਭ ਵਿਚ ਉੱਚੀ ਬੋਲਣਾ ਰਸਦਾਇਕ ਲੱਗੇਗਾ, ਫਿਰ ਅਭਿਆਸ ਨਾਲ ਸੁਰ ਨੀਵੀਂ ਤੇ ਮਧੁਰ ਹੁੰਦੀ ਜਾਏਗੀ, ਧਿਆਨ ਸਿਰਫ਼ ਸੁਣਨ ਤੇ ਰੱਖਣਾ ਹੈ, ਹੋਰ ਕਿਧਰੇ ਨਹੀਂ। ਨਾਮ ਪਿਆਰ ਤੇ ਸਤਿਕਾਰ ਨਾਲ ਨਿਰਭਉ ਹੋ ਕੇ ਜਪਣਾ ਹੈ। ਨਾਮ ਚੋਕੜੀ ਮਾਰ ਕੇ, ਸੋਫੇ ਤੇ ਬੈਠ ਕੇ, ਲੇਟ ਕੇ ਜਾਂ ਤੁਰ ਫਿਰ ਕੇ ਜਪਿਆ ਜਾ ਸਕਦਾ ਹੈ। ਅੰਮ੍ਰਿਤ ਵੇਲੇ ਬਿਹਤਰ, ਪਰੰਤੂ ਹਰ ਵੇਲੇ ਹਰ ਥਾਂ ਤੇ ਨਾਮ ਜਪਿਆ ਜਾ ਸਕਦਾ ਹੈ। ਨਾਮ ਜਪਦੇ ਹੀ ਰਹਿਣਾ ਚਾਹੀਦਾ ਹੈ। ਇਕ ਵਾਰ ਘੱਟੋ ਘੱਟ ੨੦ ਮਿੰਟ ਜ਼ਰੂਰ ਜਪਣਾ ਹੈ। ਨਿਤਨੇਮ ਤੋਂ ਇਲਾਵਾ ਘੱਟੋ ਘੱਟ ਚਾਰ ਘੰਟੇ ਨਾਮ ਹਰ ਰੋਜ਼ ਜਪਣਾ ਉਚਿਤ ਹੈ। ਅਜਿਹਾ ਕਰਨ ਨਾਲ ਨੀਂਦ ਘਟ ਤੇ ਗਹਿਰੀ ਆਉਂਦੀ ਹੈ, ਮਨ ਖੁਸ਼ ਰਹਿੰਦਾ ਹੈ।

ਇਹ ਪੁਛਣ ਤੇ ਕਿ ਉਹ ਕਿੰਨੇ ਤੇ ਕਿਹੜੇ ਸ਼ਬਦ ਹਨ ਜਿਨ੍ਹਾਂ ਦੇ ਜਪਣ ਨਾਲ ਦੁੱਖ ਦੂਰ ਹੁੰਦੇ ਹਨ ?—ਇਸ ਦੇ ਉੱਤਰ ਵਿਚ ਉਨ੍ਹਾਂ ਕਿਹਾ ਕਿ ਇਹ ਚੋਣਵੇਂ ਸ਼ਬਦ 'ਸਰਬ ਰੋਗ ਕਾ ਅਉਖਦੁ ਨਾਮੁ' ਨਾਮੀ ਕਿਤਾਬਚੇ ਵਿਚ ਦਰਜ ਹਨ। ਇਸ ਵਿਚ ਪੂਰੀ ਵਿਧੀ ਵੀ ਲਿਖੀ ਹੈ। ਇਸ ਸੰਬੰਧੀ ਪੂਰਾ ਲਿਟਰੇਚਰ, ਜੋ ੧੫ ਰੁਪਏ ਦਾ ਸੈੱਟ ਹੈ, ਮੰਗਵਾ ਕੇ ਉਸ ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਹ ਸਾਹਿਤ ਜਨਰਲ ਸਕੱਤਰ, ਸਰਬ ਰੋਗ ਦਾ ਅਉਖਦੁ ਨਾਮੁ ਮਿਸ਼ਨ, ੧੫੧੭ ਸੈਕਟਰ ੩੯-ਡੀ ਚੰਡੀਗੜ੍ਹ ਤੋਂ ਡਾਕ ਰਾਹੀਂ ਵੀ ਮੰਗਵਾਇਆ ਜਾ ਸਕਦਾ ਹੈ।

ਇਕ ਪ੍ਰਸ਼ਨ ਦੇ ਉੱਤਰ ਵਿਚ ਉਨ੍ਹਾਂ ਦੱਸਿਆ ਕਿ ਲਾਏ ਗਏ ਕੈਂਪਾਂ ਵਿਚ ਜੋ ਬਿਮਾਰੀਆਂ ਸਾਹਮਣੇ ਆਈਆਂ ਜਾਂ ਜਿਨ੍ਹਾਂ ਰੋਗਾਂ ਦਾ ਨਾਸ ਹੋਇਆ, ਉਨ੍ਹਾਂ ਵਿਚ ਸ਼ਕਰ ਰੋਗ, ਦਮਾ, ਗੰਠੀਆ, ਗੈਸ, ਅਲਸਰ, ਜੋੜਾਂ ਦੇ ਦਰਦ, ਸਰੀਰ ਦੇ ਦਰਦ, ਸਖ਼ਤ ਸਿਰ ਦਰਦ, ਦਿਲ ਦੀਆਂ ਬਿਮਾਰੀਆਂ, ਤੇਜ਼ਾਬੀ ਮਾਦਾ, ਦਿਲ ਜਲਨਾ, ਅੱਖਾਂ ਵਿਚੋਂ ਪਾਣੀ ਆਉਣਾ, ਹੱਥ ਤੇ ਉਂਗਲਾਂ ਮੁੜ ਜਾਣੀਆਂ, ਬਲੱਡ ਪ੍ਰੈਸ਼ਰ, ਨਿੱਛਾਂ, ਨੱਕ ਵਗਣਾ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਅਸੀਂ ਹਰ ਜ਼ਿਲਾ ਹੈੱਡਕੁਆਰਟਰ ਤੇ ਮਿਸ਼ਨ ਦੀਆਂ ਬਰਾਂਚਾਂ ਕਾਇਮ ਕਰਕੇ ਲੋਕਾਂ ਨਾਲ ਨੇੜੇ ਦਾ ਸੰਪਰਕ ਕਾਇਮ ਕਰ ਰਹੇ ਹਾਂ। ਪੇਸ਼ਕਸ਼ : ਪ੍ਰਿਤਪਾਲ ਸਿੰਘ [ਅਜੀਤ, ੧੯-੯-੮੭

---

**ਪਾਠਕ ਜੀ**—(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।



www.AKJ.Org

# ਅਨੰਦੁ ਭਇਆ ਮੇਰੀ ਮਾਏ

[ਸ: ਪਰਵਿੰਦਰ ਸਿੰਘ ਖਾਲਸਾ, ਛਾਉਣੀ ਮਹੱਲਾ, ਲੁਧਿਆਣਾ]

ਅਨੰਦ ਦੀ ਪ੍ਰਾਪਤੀ ਲਈ ਹਰ ਪ੍ਰਾਣੀ ਦੀ ਜੀਵ-ਆਤਮਾ ਵਿਲਕ ਰਹੀ ਹੈ। ਆਮ ਸੁਣਨ ਵਿਚ ਆਉਂਦਾ ਹੈ ਕਿ ਜਿਸ ਮਨੁਖ ਕੋਲ ਦੁਨੀਆ ਦੀ ਐਸ਼-ਪ੍ਰਸਤੀ ਵਾਸਤੇ ਹਰ ਚੀਜ਼ ਮੌਜੂਦ ਹੈ, ਉਹ ਫਿਰ ਵੀ ਦੁਖੀ ਹੈ।

ਅਨੰਦ ਤੇ ਸੁਖ ਦੋ ਅਜਿਹੀਆਂ ਅਵਸਥਾਵਾਂ ਹਨ ਜਿਨ੍ਹਾਂ ਦਾ ਆਪਸੀ ਸੰਬੰਧ ਬਹੁਤ ਗਹਿਰਾ ਹੈ। ਅਨੰਦ ਦਾ ਸੰਬੰਧ ਆਤਮਾ ਨਾਲ ਤੇ ਸੁੱਖ ਦਾ ਸੰਬੰਧ ਸਰੀਰ ਨਾਲ ਹੈ। ਦੁਨਿਆਵੀ ਪਦਾਰਥ, ਧਨ ਮਾਲ, ਕਾਰਾਂ ਕੋਠੀਆਂ, ਨੌਕਰ ਚਾਕਰ, ਇੱਜ਼ਤ ਮਾਣ ਸਭ ਦਾ ਸੰਬੰਧ ਸਰੀਰ ਨਾਲ ਹੈ, ਆਤਮਾ ਨਾਲ ਨਹੀਂ। ਆਤਮਿਕ ਸੁਖ ਦੀ ਪ੍ਰਾਪਤੀ ਦਾ ਦੂਜਾ ਨਾਮ ਹੈ 'ਅਨੰਦ'। ਅਨੰਦ ਦਾ ਸੋਮਾ ਹੈ ਗੁਰੂ, ਗੁਰੂ ਨੂੰ ਪ੍ਰਾਪਤ ਕਰਨ ਦਾ ਵਸੀਲਾ, ਗੁਰੂ ਦੀ ਸਿਖਿਆ।

ਇਸ ਤਰ੍ਹਾਂ ਅਨੰਦ ਬਾਰੇ ਲਿਖਣ ਲਗਿਆਂ ਆਪਣੇ ਮਨ ਦੀ 'ਕਮਜਾਤੀ' ਅਵਸਥਾ ਬੋਲ ਉਠੀ "ਕਮਜਾਤਾ, ਤੈਨੂੰ ਤਾਂ ਗੁਰੂ ਨਾਨਕ ਕਮਜਾਤ ਕਹਿੰਦਾ ਹੈ; ਕਿਉਂਕਿ 'ਖਸਮੁ ਵਿਸਾਰਹਿ ਤੇ ਕਮਜਾਤਿ' ਦੇ ਹੁਕਮ ਅਨੁਸਾਰ ਤੂੰ ਪ੍ਰਭੂ ਨੂੰ ਵਿਸਾਰੀ ਬੈਠਾ ਹੈਂ।" ਇਸ ਵਿਚ ਕੋਈ ਸ਼ੱਕ ਨਹੀਂ, ਮੈਂ ਅਤੀ ਕਮੀਨਾ ਹਾਂ, ਨੀਚ ਹਾਂ, ਅਤੇ ਗੁਰੂ ਨਾਨਕ, ਜਿਸ ਦੇ ਘਰ ਮੈਨੂੰ ਜਨਮ ਮਿਲਿਆ ਹੈ, ਉਹ ਸਭ ਦਾ ਯਾਰ ਹੈ। ਸੱਜਣ ਠਗ, ਕੌਡਾ ਰਾਖਸ਼ ਆਦਿਕ ਪ੍ਰਾਣੀ ਤਾਂ ਮੇਰੇ ਨਾਲੋਂ ਚੰਗੇ ਹੀ ਹੋਣਗੇ, ਪਰ ਫਿਰ ਵੀ ਗੁਰੂ ਨਾਨਕ ਤਾਂ ਇਕ ਪਲ ਧਿਆਉਣ ਵਾਲੇ ਨੂੰ ਵੀ ਬਖਸ਼ ਲੈਂਦਾ ਹੈ। ਇਸ ਲਈ ਆਸ ਲਾਈ ਬੈਠਾ ਹਾਂ ਤੇ ਅਨੰਦ ਦੀ ਅਵਸਥਾ ਦੀ ਖੋਜ ਚਿ ਪੈ ਗਿਆ ਹਾਂ। ਅਨੰਦ ਦੀ ਅਵਸਥਾ ਬਿਆਨ ਕਰਦਿਆਂ ਕਬੀਰ ਜੀ ਫ਼ੁਰਮਾਉਂਦੇ ਹਨ :—

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥ (ਪੰਨਾ ੧੩੬੭)

ਭਗਤ ਰਵਿਦਾਸ ਜੀ ਅਨੰਦ ਦੀ ਅਵਸਥਾ ਦਾ ਜ਼ਿਕਰ ਇਉਂ ਕਰਦੇ ਹਨ :—

ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥ (ਪੰਨਾ ੩੪੫)

ਜਿਥੇ ਮੈਂ ਵਸਦਾ ਹਾਂ ਉਸ ਸ਼ਹਿਰ ਦਾ ਨਾਉਂ ਬੇਗਮਪੁਰਾ ਹੈ, ਭਾਵ ਕਿ ਉਹ ਅਸਥਾਨ ਹਰ ਪ੍ਰਕਾਰ ਦੇ ਗ਼ਮਾਂ ਤੋਂ ਰਹਿਤ ਹੈ, ਜਿਥੇ ਕੋਈ ਦੁਖ ਤੇ ਕੋਈ ਤੌਖਲਾ ਨਹੀਂ। ਨਾ ਕੋਈ ਫ਼ਿਕਰ ਤੇ ਨਾ ਹੀ ਕਿਸੇ ਕਿਸਮ ਦੇ ਮਾਲ ਤੇ ਕੋਈ ਚੁੰਗੀ ਹੈ। ਉਥੇ ਨਾ ਕੋਈ ਡਰ ਹੈ ਤੇ ਨਾ ਹੀ ਕੋਈ ਗ਼ਲਤੀ ਹੁੰਦੀ ਹੈ।

ਅਨੰਦ ਦੀ ਵਿਆਖਿਆ ਗੁਰਦੇਵ ਜੀ ਇਉਂ ਕਰਦੇ ਹਨ :—

ਜਨ ਨਾਨਕ ਮਨਿ ਅਨੰਦੁ ਭਇਆ ਹੈ ਮੇਰੀ ਜਿੰਦੁੜੀਏ, ਅਨਹਤ ਸਬਦ ਵਜਾਏ ਰਾਮ ॥੨॥ (ਪੰਨਾ ੫੩੮)

'ਅਨੰਦ-ਮਈ' ਉਚੀ ਆਤਮਿਕ ਅਵਸਥਾ ਦੀ ਪ੍ਰਾਪਤੀ, 'ਨਾਮ' ਰੂਪੀ ਅੰਮ੍ਰਿਤ ਦੀ ਪ੍ਰਾਪਤੀ ਨਾਲ ਹੀ ਹੋ ਸਕਦੀ ਹੈ। ਫ਼ੁਰਮਾਨ ਹੈ :—

ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ, ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥
ਮਾਝ ਮਹਲਾ ੩, ਪੰਨਾ ੧੧੯

ਹੇ ਜੀਵ! ਆਪਣੇ ਮਨ ਵਿਚ ਇਕ ਦੀ ਟੇਕ ਧਰ ਤੇ ਦੂਜੀ ਆਸ ਲਾਹ, ਕੇਵਲ ਨਾਮ ਨੂੰ ਧਿਆ। ਇੰਜ ਕਰਨ ਨਾਲ ਅਨੰਦ ਦੀ ਅਵਸਥਾ ਪ੍ਰਾਪਤ ਹੋਵੇਗੀ—

ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥
ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥੧॥੩੫॥ (ਪੰਨਾ ੨੫੭)

ਗੁਰੂ ਅਮਰਦਾਸ ਜੀ ਪੱਕੇ ਵਿਸ਼ਵਾਸ ਨਾਲ ਕਹਿੰਦੇ ਹਨ ਕਿ ਗੁਰੂ ਤੋਂ ਬਿਨਾਂ ਅਨੰਦ ਦੀ ਪ੍ਰਾਪਤੀ ਨਹੀਂ



www.AKJ.Org

ਹੋ ਸਕਦੀ। ਆਖਣ ਨੂੰ ਤਾਂ ਹਰ ਕੋਈ ਆਖ ਦੇਂਦਾ ਹੈ ਕਿ ਮੈਨੂੰ ਅਨੰਦ ਪ੍ਰਾਪਤ ਹੋ ਗਿਆ ਹੈ, ਪਰ ਅਸਲ ਅਨੰਦ ਨਾਲ ਉਹੀ ਮਨੁਖ ਸਾਂਝ ਪਾਂਦਾ ਹੈ ਜਿਸ ਉਤੇ ਗੁਰੂ ਕਿਰਪਾ ਕਰਦਾ ਹੈ। ਗੁਰੂ ਮੇਹਰ ਕਰਕੇ ਉਸਦੇ ਅੰਦਰੋਂ ਪਾਪ ਕੱਟ ਦੇਂਦਾ ਹੈ ਤੇ ਉਸ ਦੀਆਂ ਵਿਚਾਰ-ਅੱਖਾਂ ਵਿਚ ਆਤਮਿਕ ਜੀਵਨ ਦੀ ਸੂਝ ਦਾ ਸੁਰਮਾ ਪਾਂਦਾ ਹੈ। ਜਿਨ੍ਹਾਂ ਮਨੁਖਾਂ ਦੇ ਮਨ ਵਿਚੋਂ ਮੋਹ ਮੁਕ ਜਾਂਦਾ ਹੈ, ਅਕਾਲ ਪੁਰਖ ਉਨ੍ਹਾਂ ਦਾ 'ਸਬਦ' ਬੋਲ ਸੁਚੱਜਾ ਤੇ ਮਿੱਠਾ ਕਰ ਦੇਂਦਾ ਹੈ।

ਬਾਤ ਸਪਸ਼ਟ ਹੈ ਕਿ ਜਿਸ ਮਨੁੱਖ ਨੂੰ ਅਸਲ ਆਤਮਿਕ ਅਨੰਦ ਪ੍ਰਾਪਤ ਹੋ ਜਾਂਦਾ ਹੈ, ਉਸ ਦਾ ਜੀਵਨ ਸੁਚੱਜਾ, ਸੁਆਦਲਾ ਤੇ ਪਿਆਰ ਵਾਲਾ ਹੋ ਜਾਂਦਾ ਹੈ। ਗੁਰੂ ਤੋਂ ਹੀ ਆਤਮਿਕ ਅਨੰਦ ਮਿਲ ਸਕਦਾ ਹੈ। ਗੁਰੂ ਉਸ ਦੇ ਅੰਦਰੋਂ ਸਾਰੇ ਵਿਕਾਰ ਦੂਰ ਕਰ ਦਿੰਦਾ ਹੈ ਤੇ ਸਦੀਵੀ ਟਿਕਿਆ ਰਹਿਣ ਵਾਲਾ ਆਤਮਿਕ ਅਨੰਦ ਬਖਸ਼ਿਸ਼ ਕਰ ਦਿੰਦਾ ਹੈ। ਗੁਰਦੇਵ ਦਾ ਫ਼ੁਰਮਾਨ ਹੈ :–

ਆਨੰਦੁ ਆਨੰਦੁ ਸਭੁ ਕੋ ਕਹੈ, ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ, ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ, ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ, ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ, ਆਨੰਦੁ ਗੁਰੂ ਤੇ ਜਾਣਿਆ ॥੭॥ (ਪੰਨਾ ੯੧੭)

ਕਈ ਅਗਿਆਨੀ ਜੀਵ ਅਨੰਦ ਦੀ ਪ੍ਰਾਪਤੀ ਲਈ ਨਸ਼ਿਆਂ ਆਦਿ ਦੀ ਵਰਤੋਂ ਕਰਦੇ ਹਨ। ਉਹ ਇਹ ਭੁਲ ਜਾਂਦੇ ਹਨ ਕਿ ਨਸ਼ੇ ਦੀ ਵਰਤੋਂ ਕਰ ਕੇ ਉਹ ਗੁਰੂ ਤੋਂ ਬੇਮੁੱਖ ਹੋ ਰਹੇ ਹਨ। ਅਸਲ ਅਨੰਦ ਦੀ ਪ੍ਰਾਪਤੀ ਤਾਂ ਵਾਹਿਗੁਰੂ ਦੇ ਸੱਚੇ ਨਾਮ ਦੇ ਨਸ਼ੇ ਵਿਚ ਹੈ। ਸੋ ਅਨੰਦ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਹੁੰਦੀ ਹੈ, ਮਨ ਅੰਦਰ ਖਿੜਾਉ ਪੈਦਾ ਹੋ ਜਾਂਦਾ ਹੈ ਅਤੇ ਅਡੋਲ ਅਵਸਥਾ ਹੋ ਜਾਂਦੀ ਹੈ। ਮਨ ਵਿਚ ਖੁਸ਼ੀ ਦੇ ਵਾਜੇ ਵਜਣੇ ਅਰੰਭ ਹੋ ਜਾਂਦੇ ਹਨ। ਫ਼ੁਰਮਾਨ ਹੈ :—

ਅਬਿਨਾਸੀ ਖੇਮ ਚਾਹਹਿ ਜੇ ਨਾਨਕ, ਸਦਾ ਸਿਮਰਿ ਨਾਰਾਇਣ ॥੨॥੫॥੧੦॥ (ਪੰਨਾ ੭੧੪)

ਗੁਰੂ ਅਮਰ ਦਾਸ ਜੀ ਨੇ 'ਅਨੰਦੁ' ਬਾਣੀ ਵਿਚ ਸਪੱਸ਼ਟ ਕੀਤਾ ਹੈ ਕਿ ਸਦਾ ਕਾਇਮ ਦਾਇਮ ਰਹਿਣ ਵਾਲਾ 'ਸੱਚਾ ਅਨੰਦ' ਸਤਿਗੁਰੂ ਦੀ ਪ੍ਰਾਪਤੀ ਹੋਣ ਤੇ ਹੀ ਮਿਲਦਾ ਹੈ। ਸਤਿਗੁਰੂ ਉਹ ਹੈ ਜਿਸ ਨੇ ਸਤਿ ਪੁਰਖ (ਅਕਾਲ ਪੁਰਖ) ਨੂੰ ਜਾਣਿਆ ਹੈ, ਜੋ ਸਤਿ ਪੁਰਖ ਨਾਲ ਅਭੇਦ ਹੋ ਗਿਆ ਹੈ। ਐਸੇ ਸਤਿਗੁਰੂ ਦੇ ਮੇਲ ਨਾਲ ਹੀ ਸਿਖ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨੂੰ ਜਪ ਜਪ ਕੇ ਉਸ ਦਾ ਉਧਾਰ ਹੁੰਦਾ ਹੈ। ਪਰ ਸਤਿਗੁਰੂ ਦੀ ਪ੍ਰਾਪਤੀ ਵੀ ਵਡੇ ਭਾਗਾਂ ਨਾਲ ਹੁੰਦੀ ਹੈ। ਫ਼ੁਰਮਾਨ ਹੈ–

ਸਹਸ ਸਿਆਨਪ ਲਇਆ ਨ ਜਾਈਐ ॥ ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥੧੯॥
[ਗਉੜੀ ਸੁਖਮਨੀ ਮ: ੫, ਪੰਨਾ ੨੮੭

ਜਦੋਂ ਗੁਰੂ ਦਰ ਤੇ ਆਣ ਢਠੀਦਾ ਹੈ, ਗੁਰੂ ਦੀ ਸ਼ਰਨ ਲਈਦੀ ਹੈ ਅਤੇ ਬੇਨਤੀ ਕਰੀਦੀ ਹੈ ਕਿ ਹੇ ਸਤਿਗੁਰੂ ! ਦਾਸ ਨੂੰ ਆਪਣਾ ਬਣਾ ਲਓ। ਫਿਰ ਜਦ ਸਤਿਗੁਰੂ ਸਿਖ ਦੀ ਹਿਰਦਿਓਂ ਨਿਕਲੀ ਅਰਦਾਸ-ਬੇਨਤੀ ਪਰਵਾਨ ਕਰਦਾ ਹੈ ਤਾਂ ਸਤਿਗੁਰੂ ਕਿਰਪਾ ਦੇ ਘਰ ਵਿਚ ਆ ਕੇ ਤਰੁੱਠਦਾ ਹੈ ਤੇ ਸਿਖ ਨੂੰ ਨਾਮ-ਦਾਨ ਬਖਸ਼ਦਾ ਹੈ–

ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ ਨਾਮੋ ਨਾਮੁ ਧਿਆਇਦਾ ॥੧੨॥ (ਪੰਨਾ ੧੦੬੪)

ਪਰ ਜਿਸ ਪ੍ਰਾਣੀ ਦੇ ਪੂਰਬਲੇ ਕਰਮ ਉਦੇ ਹੋਣ, ਜਿਸ ਦੇ ਵਡੇ ਭਾਗ ਪਰਗਟ ਹੋਣ, ਓਹੋ ਹੀ ਨਾਮ-ਸਿਮਰਨ ਵਿਚ ਜੁਟ ਸਕਦਾ ਹੈ। ਗੁਰਵਾਕ–

—ਨਾਨਕ ਸਿਮਰਨੁ ਪੂਰੈ ਭਾਗਿ ॥੬॥੧॥ [ਸੁਖਮਨੀ ਸਾਹਿਬ, ੨੬੩
—ਬਡਭਾਗੀ ਜਪਿਆ ਪ੍ਰਭੁ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥੨॥੨੦॥ (੨੯੯)
—ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥


www.AKJ.Org

ਮਿਟਿਓ ਅੰਧੇਰੁ ਮਿਲਤ ਹਰਿ ਨਾਨਕ, ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥ (੨੦੪)

ਜਿਸ਼ ਪ੍ਰਾਣੀ ਤੇ ਗੁਰੂ ਦੀ ਇਹ ਬਖ਼ਸ਼ਸ਼ ਹੋ ਜਾਂਦੀ ਹੈ ਅਤੇ "ਗੁਰ ਪਰਸਾਦੀ ਜਿਨਾ ਲਿਵ ਲਾਗੀ" ਹੋ ਜਾਂਦੀ ਹੈ, "ਊਠਤ ਬੈਠਤ ਸੋਵਤ ਨਾਮੁ" ਉਸ ਦਾ ਅਹਾਰ ਬਣ ਜਾਂਦਾ ਹੈ ਅਤੇ ਉਹ ਚਤੁਰਾਈ ਸਿਆਣਪਾਂ ਤਜ ਕੇ—

'ਅੰਮ੍ਰਿਤੁ' ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥
ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ, ਅਵਰਾ ਆਖਿ ਸੁਣਾਵਣਿਆ ॥੨॥
ਅੰਮ੍ਰਿਤ ਰੰਗਿ ਰਾਤਾ ਲਿਵ ਲਾਏ ॥ ਅੰਮ੍ਰਿਤੁ ਗੁਰ ਪਰਸਾਦੀ ਪਾਏ ॥
ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ, ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥ (ਪੰਨਾ ੧੧੮)

'ਅੰਮ੍ਰਿਤ ਨਾਮ' 'ਭੋਜਨ ਨੂੰ ਛਕ ਕੇ ਉਹ ਤ੍ਰਿਪਤਾਉਂਦਾ ਨਹੀਂ ਅਤੇ ਉਸ ਦੀ ਇਹ ਮੰਗ ਇਥੋਂ ਤਕ ਵਧ ਜਾਂਦੀ ਹੈ—

ਇੱਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥੩੨॥ (ਜਪੁ ਜੀ)

ਇਸੇ ਅਵਸਥਾ ਵਿਚ ਪੁਜੇ ਹੋਏ ਕਬੀਰ ਜੀ ਕਹਿੰਦੇ ਹਨ ਕਿ ਜਦੋਂ ਮੈਂ ਨਲੀ ਵਿਚ ਧਾਗਾ ਪਾਉਣ ਲਈ ਫੂਕ ਮਾਰਦਾ ਹਾਂ ਤਾਂ ਪਿਆਰਾ ਰਾਮ ਵਿਸਰ ਜਾਂਦਾ ਹੈ—

ਜਬ ਲਗ ਤਾਗਾ ਬਾਹਉ ਬੇਹੀ ॥ ਤਬ ਲਗੁ ਬਿਸਰੈ ਰਾਮੁ ਸਨੇਹੀ ॥੨॥ (ਪੰਨਾ ੫੨੩)

ਕਬੀਰ ਜੀ "ਕਬੀਰ ਤੂੰ ਤੂੰ ਕਰਤਾ ਤੂ ਹੂਆ"* ਦੀ ਧੁਨ ਵਿਚ ਲੀਨ ਹੋਏ ਹੋਏ ਇਥੇ ਅਪੜ ਜਾਂਦੇ ਹਨ—

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥ (ਪੰਨਾ ੯੬੯)

ਅਤੇ— ਦਾਸੁ ਕਮੀਰੁ ਚੜਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥੬॥੯॥੧੭॥ (੧੧੬੨)

ਭਾਈ ਸਾਹਿਬ ਰਣਧੀਰ ਸਿੰਘ ਜੀ ਇਸ ਸੰਬੰਧ ਵਿਚ ਲਿਖਦੇ ਹਨ—

"ਗੁਰੂ ਕੇ ਸਚਿਆਰ ਸਿਖ, ਸਤਿਗੁਰੂ—ਗੁਰੂ ਬਾਣੀ ਦੇ ਸਾਗਰ ਸਤਿਗੁਰੂ—ਪਾਸੋਂ ਗੁਰ-ਮੰਤਰ ਰੂਪੀ ਗੁਰ-ਬਚਨ ਲੈ ਕੇ ਅਤੇ ਸਿਮਰਨ-ਦਾਤਿ ਪਦ ਦ੍ਰਿੜ੍ਹਾ ਕੇ, ਸਾਸ ਗਿਰਾਸ, ਖੜੇ ਖੜੋਏ, ਊਠਤ ਬੈਠਤ, ਸਫ਼ਰ ਮਾਰਗੀ ਪੰਧਾਂ ਵਿਚ ਪੈ ਕੇ, ਤੁਰਦੇ ਫਿਰਦੇ, ਕੰਮ ਕਾਜ ਵਿਚ ਵਿਚਰਦੇ, ਇਸ ਨਾਮ ਦੀ ਸਿਮਰਨ-ਅਭਿਆਸ ਕਮਾਈ ਵਿਖੇ ਹਰ ਵਕਤ ਤਤਪਰ ਹੋਏ ਹੀ ਰਹਿੰਦੇ ਹਨ, ਤਾਂ ਜਾ ਕੇ ਘਾਲਿ ਥਾਂਇ ਪੈਂਦੀ ਹੈ।" ['ਸ਼ਬਦ ਗੁਰੂ' ਪੰਨਾ ੫੮

ਸੱਚੇ ਗੁਰੂ ਦੇ ਪਾਉਣ ਦੀ ਜੁਗਤੀ ਭਾਈ ਰਣਧੀਰ ਸਿੰਘ ਜੀ ਇਉਂ ਦਸਦੇ ਹਨ—

"ਸਤਿਗੁਰੂ ਦੇ ਪਾਵਣ ਦੀ ਬਿਧੀ, ਨਿਗੁਰਿਓਂ ਸਗੁਰੇ ਹੋਣ ਦੀ ਜੁਗਤੀ, ਮਨਮੁਖ ਤੋਂ ਗੁਰਮੁਖ ਬਣਨ ਦੀ ਵਿਉਂਤ, ਨਾਮ-ਹੀਣ ਤੋਂ ਨਾਮ-ਪ੍ਰਬੀਨ ਹੋਣ ਦੀ ਸਬੀਲ, ਇਹ ਸਭ ਕੁਝ ਸ੍ਰੀ ਦਸਮੇਸ਼ ਦੀ ਪ੍ਰਚੁਰਤ ਕੀਤੀ ਪਵਿਤਰ ਅੰਮ੍ਰਿਤ ਮਰਯਾਦਾ ਵਿਚ ਹੈ। ਜਿਸ ਪ੍ਰਾਣੀ ਨੇ ਖੰਡੇ ਦਾ ਅੰਮ੍ਰਿਤ ਨਹੀਂ ਛਕਿਆ, ਉਸ ਨੇ ਨਾ ਸਤਿਗੁਰੂ ਨੂੰ ਪਾਇਆ ਹੈ, ਨਾ ਹੀ ਉਸ ਨੂੰ ਸਤਿਗੁਰੂ ਮਿਲਿਆ ਹੈ।" ['ਸ਼ਬਦ ਗੁਰੂ', ਪੰਨਾ ੪੮

"ਸੋ ਗੁਰੂ ਨਾਨਕ ਸ੍ਰੀ ਦਸਮੇਸ਼ ਜੀ ਦਾ ਸੱਚਾ ਸਰੂਪ ਪਰਗਟ ਗੁਰਾਂ ਦੀ ਦੇਹ ਗੁਰੂ ਗ੍ਰੰਥ ਸਾਹਿਬ ਹੀ ਸੱਚਾ ਸਤਿਗੁਰੂ ਹੈ, ਜਿਸ ਦੀ ਸ਼ਰਨ ਪਿਆਂ, ਜਿਸ ਦੀ ਚਰਨ ਸ਼ਰਨ ਆਇਆਂ, ਜਿਸ ਨੂੰ ਗੁਰੂ ਧਾਰਨ ਕਰਿਆਂ, (ਕਰਣੀ ਕਮਾਈ ਵਾਲੇ) ਪੰਜਾਂ ਪਿਆਰਿਆਂ ਦੀ ਬਸੀਠੀ ਦੁਆਰਾ ਸ਼ਰਨ ਆਏ ਪ੍ਰਾਣੀ ਦਾ "ਸਤਿਗੁਰ ਕੈ ਜਨਮੈ ਗਵਨੁ ਮਿਟਾਇਆ" ਦੇ ਵਾਕ ਅਨੁਸਾਰ ਪਲਟ ਕੇ ਨਵਾਂ ਜਨਮ ਹੋ ਜਾਂਦਾ ਹੈ।" ['ਸ਼ਬਦ ਗੁਰੂ', ਪੰਨਾ ੬੦

"ਸਤਿਗੁਰੂ ਦੀ ਜਾਗਤ-ਜੋਤਿ-ਕਲਾ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵਰਤਦੀ ਹੈ, ਪਰੰਤੂ

* ਸਲੋਕ ਕਬੀਰ ਜੀ, ਨੰਬਰ ੨੦੪, ਪੰਨਾ ੧੩੭੫



www.AKJ.Org

ਪਰਤੱਖ ਪ੍ਰਗਟ ਪਹਾਰੇ ਤਿਨ੍ਹਾਂ ਨੂੰ ਹੀ ਜਾਪਦੀ ਹੈ, ਜਿਨ੍ਹਾਂ ਨਦਰ-ਕਰੰਮੇ ਨਾਮ-ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਦੇ ਘਟ ਅੰਦਰ ਜਾਗਤ ਜੋਤਿ ਦਾ ਪ੍ਰਕਾਸ਼ ਹੈ। ਜਿਨ੍ਹਾਂ ਨੇ ਇਸ ਪ੍ਰਕਾਸ਼ ਨੂੰ ਨਾਮ ਦੀ ਅਥਾਹ ਕਮਾਈ ਦੁਆਰਾ ਪਰਜ੍ਵਲਤ ਕੀਤਾ ਹੈ, ਆਪ ਆਪਣੇ ਘਟ ਅੰਤਰ ਹੀ ਪਰਜ੍ਵਲਤ ਕੀਤਾ ਹੈ, ਤਿਨ੍ਹਾਂ ਸ਼ਬਦ ਕਮਾਈਆਂ ਵਾਲੇ ਬਿਬੇਕ-ਬੀਚਾਰੀ, ਸੱਚੇ ਬਿਬੇਕ-ਬੀਚਾਰੀ, ਗੁਰਮਤਿ ਤੱਤ ਗਿਆਨ ਦੇ ਗਿਆਨੀ ਗੁਰਮੁਖ ਜਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਚਮੁਚ ਪ੍ਰਗਟ ਗੁਰਾਂ ਕੀ ਦੇਹ, ਦਸੇ ਗੁਰੂ ਸਾਹਿਬਾਨ ਦਾ ਜੋਤਿ-ਜਲਵੀ ਪਰਤੱਖ ਸਰੂਪ ਨਜ਼ਰ ਆਉਂਦੇ ਹਨ।''

[ਟ੍ਰੈਕਟ 'ਸ਼ਬਦ ਗੁਰੂ', ਪੰਨਾ ੧੦

## ਦੋ ਰੁਬਾਈਆਂ

[ਸ: ਤੇਗ ਬਹਾਦਰ ਸਿੰਘ ਤੇਗ]

ਮੈਂ ਰਾਹੀ ਅਪਨੀ ਮੰਜ਼ਿਲ ਦਾ, ਰਾਹੇ ਰਾਹ ਤੁਰਿਆ ਜਾਂਦਾ ਹਾਂ।
ਪੰਜ ਡਾਕੂ ਜਦੋਂ ਘੇਰ ਲੈਂਦੇ, ਮੈਂ ਆਪਣੇ ਹੱਡ ਤੁੜਾਂਦਾ ਹਾਂ।
ਉਹ ਪੁਟਦੇ ਨੇ, ਉਹ ਲੁਟਦੇ ਨੇ, ਤੇ ਅਗੇ ਜਾਣੋਂ ਰੋਕਣ ਤੇਗ;
ਮੈਂ ਹਾਲ ਦੁਹਾਈ ਪਾ ਪਾ ਕੇ, ਦਰ ਦਾਤੇ ਅਰਜ਼ ਸੁਣਾਂਦਾ ਹਾਂ।

ਥੋੜੇ ਵਿਚ ਹੀ ਗੱਲ ਮੁਕਾ ਲੈ, ਲੰਬੀ ਬਾਤ ਨਾ ਪਾਈਂ ਤੂੰ।
ਥੋੜੇ ਨਾਲ ਹੀ ਸਾਰ ਲੈ ਤੂੰ, ਨਾ ਲਾਲਚ ਬਹੁਤ ਵਧਾਈਂ ਤੂੰ।
ਇਕ ਦਿਨ ਦੁਨੀਆ ਛੱਡ ਜਾਣੈ, ਭੁੱਲ ਨਾ ਜਾਈਂ ਕਿਧਰੇ ਤੇਗ;
ਪ੍ਰਭੂ ਨਾਲ ਪ੍ਰੀਤੀ ਪਾ ਲੈ, ਨਾ ਐਵੇਂ ਵਕਤ ਗੁਆਈਂ ਤੂੰ।

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਧੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ | | ਵਲੋਂ ਭਾਈ ਰਾਮ ਸਿੰਘ ਜੀ | ੧-੦੦ |
| ਗੁਰਬਾਣੀ ਰਹਿਤਨਾਮਾ | | ਸੰਗ੍ਰਹਿ ਕਰਤਾ—ਭਾਈ ਰਾਮ ਸਿੰਘ ਜੀ | ੧-੦੦ |
| ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਭਰਪੂਰ ਲੇਖ) | | | ੧-੦੦ |

## ਪਿੰਡ ਨਗਾਰਾ (ਸ਼ਾਹ ਜਹਾਨ ਪੁਰ) ਵਿਖੇ ਅੰਮ੍ਰਿਤ ਸਿੰਚਾਰ ਅਤੇ ਰੈਣ ਸਬਾਈ ਕੀਰਤਨ

ਨੌਜਵਾਨ ਅਖੰਡ ਕੀਰਤਨੀ ਜਥਾ ਬਰੇਲੀ ਵਲੋਂ ੧੨ ਦਸੰਬਰ ਸ਼ਨੀਵਾਰ ਸ਼ਾਮ ਨੂੰ ਚਾਰ ਵਜੇ ਪਿੰਡ ਨਗਾਰਾ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ-ਸਿੰਚਾਰ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਸ਼ਾਮਲ ਹੋ ਕੇ ਜਨਮ ਸਫਲਾ ਕਰੋ ਜੀ। ਪਿੰਡ ਨਗਾਰਾ ਬਰੇਲੀ ਤੋਂ ਸ਼ਾਹ ਜਹਾਨਪੁਰ ਰੋਡ ਤੇ ੭੧ ਕਿਲੋ ਮੀਟਰ ਤੇ ਹੈ।

## ਪਿੰਡ ਥਲੀ ਕਲਾਂ (ਨੇੜੇ ਰੋਪੜ ਥਰਮਲ ਪਲਾਂਟ) ਵਿਖੇ ਸ਼ਹੀਦੀ ਗੁਰਪੁਰਬ ਸੰਬੰਧੀ ਰੈਣ ਸਬਾਈ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਵਸ ਦੇ ਸੰਬੰਧ ਵਿਚ ਗੁਰਦੁਆਰਾ ਪਿੰਡ ਥਲੀ ਕਲਾਂ ਵਿਖੇ ੫ ਦਸੰਬਰ ਰਾਤ ਰੈਣ ਕੀਰਤਨ ਵਿਚ ਆਇ ਜੁੜੋ ਜੀ।

## ਪਿੰਡ ਫਜੂਪੁਰ (ਫਤਹ ਨੰਗਲ) ਸਕੂਲ ਵਾਲੀ ਗਲੀ ਨੇੜੇ ਧਾਰੀਵਾਲ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਭਾਈ ਸੰਤਾ ਸਿੰਘ ਉਕਾੜੇ ਵਾਲੇ ਦੇ ਗ੍ਰਹਿ ੬ ਦਸੰਬਰ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਤੋਂ ਉਪਰੰਤ ਦੁਪਹਿਰ ਤਕ ਕੀਰਤਨ।



www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

(੧) ਭਾਈ ਦੀਦਾਰ ਸਿੰਘ ਜਥੇਦਾਰ ਹਡਰਜ਼ ਫ਼ੀਲਡ ਤੋਂ ਸੂਚਨਾ ਦੇਂਦੇ ਹਨ—
5-12-87 ਰਾਤ ਨੂੰ ਰੈਣ ਸਬਾਈ ਕੀਰਤਨ ਗੁਰਦੁਆਰਾ ਗੁਰੂ ਨਾਨਕ (ਸਿਖ ਟੈਂਪਲ) 65-67 ਵਾਲਸਾਲ ਰੋਡ, ਵਿਲਨ ਹਾਲ ਨੇੜੇ ਬਰਮਿੰਘਮ ਵਿਖੇ
ਪੁਛ ਗਿਛ: ਭਾਈ ਦੀਦਾਰ ਸਿੰਘ 0484-545165, ਗੁਰਦੁਆਰਾ ਸਾਹਿਬ 0902-65286

(੨) ਭਾਈ ਹਰਬਖਸ਼ ਸਿੰਘ ਸਰਾਏ ਸੂਚਨਾ ਦੇਂਦੇ ਹਨ—
25-26-27 ਦਸੰਬਰ ਸ੍ਰੀ ਅਖੰਡ ਪਾਠ, ਕੀਰਤਨ ਤੇ ਅੰਮ੍ਰਿਤ ਸਿੰਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਯਾਦ ਵਿਚ
Sikh Temple Medway Town, Cossack St., Rochester U.K.
ਪੁਛ ਗਿਛ : ਗੁਰਦੁਆਰਾ 0634-49782, ਭਾ: ਹਰਬਖਸ਼ ਸਿੰਘ ਸਰਾਏ 0634-362977

**ਇੰਗਲੈਂਡ ਦੇ ਲਾਈਫ਼ ਮੈਂਬਰਾਂ ਦੇ ਬਕਾਏ ਅਤੇ ਚੰਦੇ ਯੂ.ਕੇ. ਵਿਚ ਹੀ ਜਮ੍ਹਾ ਕਰਾਓ ਜੀ**

S. Gurnam Singh, 10-Lamborne Gardens, Early, Reading, Berks U.K.

## ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਵਲੋਂ ਗੁਰਮਤਿ ਪਰਚਾਰ

ਭਾਈ ਰਾਜਿੰਦਰ ਸਿੰਘ ਡਡਲੀ ਤੋਂ ਸੂਚਨਾ ਦੇਂਦੇ ਹਨ—

(1) 18-20 ਦਸੰਬਰ ਸ੍ਰੀ ਅਖੰਡਪਾਠ ਭਾਈ ਸੁਰਿੰਦਰ ਸਿੰਘ, 153-ਔਕਸਫ਼ੋਰਡ ਗਾਰਡਨਜ਼, ਸਟੈਫੋਰਡ ਯੂ. ਕੇ. ਦੇ ਗ੍ਰਿਹ

(2) 25-27 ਦਸੰਬਰ, ਸ੍ਰੀ ਦਸਮੇਸ਼ ਪਿਤਾ ਜੀ ਦਾ ਗੁਰਪੁਰਬ ਆਗਮਨ ਸ੍ਰੀ ਅਖੰਡਪਾਠ ਅਤੇ ਅੰਮ੍ਰਿਤ ਸਿੰਚਾਰ ਹਾਲੈਂਡ
Guru Nanak Gurdwara, Gerard Dou Str-69/69A, Amsterdam, Holland.

ਪੁਛ ਗਿਛ : ਭਾਈ ਰਾਜਿੰਦਰ ਸਿੰਘ (ਡਡਲੀ ਯੂ.ਕੇ.) ਫੋਨ 0384—237341

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਗੁਰਸਿਖ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਪੁਜੀ ਮਾਇਆ ਦਾ ਵੇਰਵਾ ਇਉਂ ਹੈ—

| | | | |
|---|---|---|---|
| ਸ: ਕੁਲਜੀਤ ਸਿੰਘ, ਅੰਮ੍ਰਿਤਸਰ | ੫੦-੦੦ | ਗੁਪਤ | ੧੦੦-੦੦ |
| ਭਾਈ ਸਾਹਿਬ ਜੀਵਨ ਸਿੰਘ ਜੀ | ੨੨੦੦੦-੦੦ | ਗੁਪਤ, ਭੈਰੋ ਮਾਜਰਾ | ੫੦-੦੦ |
| ਸ: ਸਰਜਿੰਦਰ ਸਿੰਘ ਸੋਢੀ, ਭੁਜ (ਕਛ) | ੫੦੧-੦੦ | ਸ: ਸੋਭਾ ਸਿੰਘ ਹਰਮਿੰਦਰ ਸਿੰਘ, ਹੁਸ਼ਿਆਰਪੁਰ | ੫੧-੦੦ |
| ਸ: ਜਗਜੀਤ ਸਿੰਘ, ਗੁਰਦਾਸਪੁਰ | ੧੦੦-੦੦ | ਬੀਬੀ ਸੁਸ਼ੀਲ ਕੌਰ, ਹੁਸ਼ਿਆਰਪੁਰ | ੨੧-੦੦ |
| ਗੁਰੂ ਕਾ ਦਾਸ | ੧੨੫-੦੦ | ਸ: ਤ੍ਰਿਲੋਚਨ ਸਿੰਘ, ਦਿਲੀ | ੫੧-੦੦ |
| ਸ: ਪ੍ਰਿਤਪਾਲ ਸਿੰਘ, ਖਾ: ਫੈਂਸੀ ਸਟੋਰ, ਆਦਮਪੁਰ | ੨੫੦-੦੦ | ਸ: ਪਰਤਾਪ ਸਿੰਘ, ਦਿਲੀ | ੨੫੦-੦੦ |
| ਸ: ਮਨਮੋਹਨ ਸਿੰਘ ਕੈਲੇਫ਼ੋਰਨੀਆ ਅਮਰੀਕਾ | ੧੦੦੦-੦੦ | ਸ: ਦਵਿੰਦਰਪਾਲ ਸਿੰਘ, ਸ੍ਰੀ ਗੰਗਾ ਨਗਰ | ੫੧-੦੦ |
| ਸ਼ਹੀਦ ਗੁਰਚਰਨ ਸਿੰਘ ਕਾਨਪੁਰ ਸਮਾਗਮ-ਚੜ੍ਹਾਵਾ | ੧੨੧-੦੦ | ਭਾਈ ਜਗਮੋਹਨ ਸਿੰਘ, ਰਾਜਾਸਾਂਸੀ ਅੰਮ੍ਰਿਤਸਰ) | ੧੧-੦੦ |
| ਭਾਈ ਸੁਖਬੀਰ ਸਿੰਘ, ਅਜਰਾਨਾ ਖ਼ੁਰਦ (ਕੁਰਕਸ਼ੇਤਰ) | ੫੦-੦੦ | ਭਾਈ ਮਨਜੀਤ ਸਿੰਘ, ਜਮਾਲਪੁਰ (ਲੁਧਿਆਣਾ) | ੫੦-੦੦ |
| ਸ: ਮਨਜੀਤ ਸਿੰਘ, ਜਮਾਲਪੁਰ (ਲੁਧਿਆਣਾ) | ੫੧-੦੦ | ਪ੍ਰੇਮੀ ਜੀ, ਅੰਮ੍ਰਿਤਸਰ ਪਿਤਾ ਜੀ ਦੀ ਯਾਦ ਵਿਚ | ੧੦੧-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਮਨਜੀਤ ਕੌਰ ਸੁਪਤਨੀ ਭਾ: ਬਹਾਦਰ ਸਿੰਘ (ਜੇਲ੍ਹ ਵਿਚ), ਚੰਡੀਗੜ੍ਹ (ਕੇਸ ਦੀ ਪੈਰਵੀ ਤੇ ਬੱਚਿਆਂ ਲਈ) | ੫੦੦੦-੦੦ |
| ਬੀਬੀ ਗੁਰਬਚਨ ਕੌਰ ਸੁਪਤਨੀ ਸ੍ਵਰਗੀ ਭਾ: ਮੇਹਰ ਸਿੰਘ ਜੀ ਕੈਰੋਂ (ਬੱਚਾ ਜੇਲ੍ਹ ਵਿਚ, ਕੇਸ ਦੀ ਪੈਰਵੀ ਲਈ) | ੨੦੦੦-੦੦ |
| ਬੀਬੀ ਗੁਰਬਚਨ ਕੌਰ ਸੁਪਤਨੀ ਭਾਈ ਗੁਰਬਚਨ ਸਿੰਘ, ਤਰਨ ਤਾਰਨ (ਮਥਰਾ ਤੋਂ ਉਜੜ ਕੇ) ਕਾਰ ਵਿਹਾਰ ਲਈ | ੧੦੦੦੦-੦੦ |
| ਬੀਬੀ ਕੁਲਦੀਪ ਕੌਰ ਸੁਪਤਨੀ ਭਾਈ ਮਨੋਹਰ ਸਿੰਘ, ਪਟਿਆਲਾ (ਕੇਸ ਦੀ ਪੈਰਵੀ ਲਈ) | ੫੦੦੦-੦੦ |
| ਬੀਬੀ ਗਿਆਨ ਕੌਰ ਸੁਪਤਨੀ ਸ: ਬੇਅੰਤ ਸਿੰਘ, ਤੁੰਗ ਪਾਈ (ਅੰਮ੍ਰਿਤਸਰ) (ਬੱਚਾ ਜੇਲ੍ਹ ਵਿਚ,ਕੇਸ ਦੀ ਪੈਰਵੀ ਲਈ) | ੩੦੦੦-੦੦ |
| ਬੀਬੀ ਜਸਵੰਤ ਕੌਰ ਸੁਪਤਨੀ ਸ: ਜੋਗਿੰਦਰ ਸਿੰਘ ਅਖਾੜਾ ਨੂੰ ਮਾਸਕ ਸਹਾਇਤਾ | ੩੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫਤਰ, ਸ੍ਰੀ ਅੰਮ੍ਰਿਤਸਰ

**ਭਾ: ਜੋਗਿੰਦਰ ਸਿੰਘ, ਨੈਨੋਕੋਟ (ਗੁਰਦਾਸਪੁਰ) ੨੦ ਦਸੰਬਰ ਭੋਗ ਅਖੰਡਪਾਠ ਤੇ ਕੀਰਤਨ**

**ਪਿੰਡ ਕਾਲਾ ਬਾਲਾ (ਗੁਰਦਾਸਪੁਰ) ਸ਼ਹੀਦ ਬਚਿਆਂ ਨਮਿਤ ਰੈਣ ਸਬਾਈ ਕੀਰਤਨ ੧੨ ਦਸੰਬਰ**

www.AKJ.Org

### ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਦਾ

# ਕੇਂਦਰੀ ਸਾਲਾਨਾ ਸਮਾਗਮ ਲੁਧਿਆਣਾ ਵਿਖੇ

## ੨੪ ਦਸੰਬਰ ਵੀਰਵਾਰ ਸਵੇਰ ਤੋਂ ੨੭ ਦਸੰਬਰ ੧੯੮੭ ਐਤਵਾਰ ਸਵੇਰ ਤਕ

ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਅੰਮ੍ਰਿਤ ਦੇ ਦਾਤੇ ਦਸਮੇਸ਼ ਪਿਤਾ ਜੀ ਦਾ ਪ੍ਰਕਾਸ਼ ਉਤਸਵ ਸਦਾ ਵਾਂਗ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ। ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ਅਖਾੜਿਆਂ ਦੇ ਰੰਗ ਮਾਨਣ ਲਈ ਪ੍ਰਵਾਰਾਂ ਸਮੇਤ ਹੁਮ ਹੁਮਾ ਕੇ ਪੁਜੋ ਜੀ। ਪ੍ਰੋਗਰਾਮ ਇਹ ਹੈ :—

੨੪ ਜਨਵਰੀ ਸਵੇਰੇ ੫-੦੦ ਤੋਂ ੭-੩੦ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡਪਾਠ
ਸ਼ਾਮ ੫-੩੦ ਤੋਂ ੮-੦੦ ਅਖੰਡ ਕੀਰਤਨ

੨੫ ਦਸੰਬਰ ਸਵੇਰੇ ੬-੦੦ ਤੋਂ ੧੨-੦੦ ਕੀਰਤਨ ਆਸਾ ਦੀ ਵਾਰ। ਸ਼ਾਮ ੫-੩੦ ਤੋਂ ੮-੦੦ ਅਖੰਡ ਕੀਰਤਨ

੨੬ ਦਸੰਬਰ ਸਵੇਰੇ ੬-੦੦ ਤੋਂ ੬-੩੦ ਭੋਗ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ਆਸਾ ਦੀ ਵਾਰ ਤੇ ਅਖੰਡ ਕੀਰਤਨ ਦੁਪਹਿਰ ਤਕ। ਦੁਪਹਿਰ ਪਿਛੋਂ ਅੰਮ੍ਰਿਤ ਸਿੰਚਾਰ ਸਮਾਗਮ
ਸ਼ਾਮ ੭-੩੦ ਅਰੰਭ ਰੈਣ ਸਬਾਈ ਕੀਰਤਨ (੨੭ ਦਸੰਬਰ ਸਵੇਰੇ ੭-੩੦ ਸਮਾਪਤੀ)

ਨੋਟ—੧. ਸਵਾਗਤੀ ਦਫਤਰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ। ੨. ਬਿਸਤਰੇ ਜ਼ਰੂਰ ਲਿਆਉਣੇ ਜੀ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਲੁਧਿਆਣਾ

---

## ਲੁਧਿਆਣਾ ਸਰਾਭਾ ਨਗਰ ਵਿਖੇ ਬੇਬੇ ਕਰਤਾਰ ਕੌਰ ਜੀ ਨਮਿਤ ਸ੍ਰੀ ਅਖੰਡਪਾਠ ਸਮਾਗਮ

ਭਾ: ਸਾ: ਭਾ: ਰਣਧੀਰ ਸਿੰਘ ਜੀ ਦੀ ਸੁਪਤਨੀ ਬੇਬੇ ਕਰਤਾਰ ਕੌਰ ਜੀ ਦੀ ਯਾਦ ਵਿਚ ਉਨ੍ਹਾਂ ਦੇ ਸਪੁਤਰ ਸ: ਬਲਬੀਰ ਸਿੰਘ ਜੀ ਦੇ ਗ੍ਰਹਿ ੨੩-ਜੀ ਸਰਾਭਾ ਨਗਰ ਵਿਚ ੨੮ ਤੋਂ ੩੦ ਦਸੰਬਰ ਤਕ ਸ੍ਰੀ ਅਖੰਡਪਾਠ ਹੋ ਰਹੇ ਹਨ। ਬੁਧਵਾਰ ੩੦ ਦਸੰਬਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ੯ ਵਜੇ ਸਵੇਰ ਤਕ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

## ਨਾਰੰਗਵਾਲ (ਲੁਧਿਆਣਾ) ਵਿਖੇ ੧੩ ਦਸੰਬਰ ਐਤਵਾਰ ਨੂੰ ਸਮਾਗਮ

ਸਵਰਗੀ ਮਾ: ਬਲਬੀਰ ਸਿੰਘ ਜੀ ਦੇ ਗ੍ਰਹਿ ਵਿਖੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ੧੨ ਵਜੇ ਦੁਪਹਿਰ ਤਕ ਕੀਰਤਨ।

## ਪਿੰਡ ਛੋਟੇ ਘੁੰਮਣ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਇੰਦਰ ਸਿੰਘ ਜੀ ਦੇ ਗ੍ਰਹਿ ਵਿਖੇ ੯ ਜਨਵਰੀ ੮੮ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ।

## ਪਿੰਡ ਮੱਲ੍ਹੀਆਂ (ਜੀ. ਟੀ. ਰੋਡ, ਨੇੜੇ ਜੰਡਿਆਲਾ ਗੁਰੂ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਭਾਈ ਅਵਤਾਰ ਸਿੰਘ ਜੀ ਦੇ ਗ੍ਰਹਿ ਵਿਖੇ ੩ ਜਨਵਰੀ ਐਤਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ।

## ਪਿੰਡ ਡਡੇਹੜੀ (ਨੇੜੇ ਮੰਡੀ ਗੋਬਿੰਦ ਗੜ੍ਹ) ਗੁਰਦੁਆਰਾ ਸਾਹਿਬ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਸਤਵੰਤ ਸਿੰਘ ਰਾਮਪੁਰ ਸੂਚਨਾ ਦੇਂਦੇ ਹਨ ਕਿ ੧੨ ਦਸੰਬਰ ਸ਼ਨੀਵਾਰ ਰਾਤ ਨੂੰ ਕੀਰਤਨ ਵਿਚ ਆਇ ਜੁੜੋ ਜੀ।

## ਪਿੰਡ ਪੰਡੋਰੀ ਰਾਈਆਂ ਨੇੜੇ ਦਸੂਹਾ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਭਾਈ ਕਰਮ ਸਿੰਘ ਦੇ ਗ੍ਰਹਿ ਵਿਖੇ ੨੦ ਦਸੰਬਰ ਐਤਵਾਰ ਨੂੰ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ

## ਸੰਤ ਬਾਬਾ ਹਰਨਾਮ ਸਿੰਘ ਜੀ ਗੁਰਦੁਆਰਾ ਰਾਮਪੁਰ ਖੇੜਾ(ਹੁਸ਼ਿਆਰਪੁਰ) ਦੀ ਯਾਦ ਵਿਚ ਰੈਣ ਸਬਾਈ

੩ ਜਨਵਰੀ ੮੮ ਐਤਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਆਇ ਜੁੜੋ ਜੀ। ੪ ਜਨਵਰੀ ਨੂੰ ਖੁਲ੍ਹਾ ਦੀਵਾਨ ਹੋਵੇਗਾ।

---

## ੧੪੭੦ ਸੈਕਟਰ ੪੩-ਬੀ ਚੰਡੀਗੜ੍ਹ ਵਿਖੇ ਹਰ ਬੁਧਵਾਰ ਸ਼ਾਮ ੭ ਤੋਂ ੮ ਗੁਰਬਾਣੀ ਕੀਰਤਨ ਸੁਣੋ

---

## ਸ਼ਹੀਦਾਂ ਦੀ ਯਾਦ ਗੁ:ਟਾਹਲੀਸਾਹਿਬ(ਸੰਤੋਖਸਰ)ਅੰਮ੍ਰਿਤਸਰ ੧੯ ਦਸੰਬਰ ਰਾਤ ਰੈਣ ਸਬਾਈ ਕੀਰਤਨ

---

ਬੈਂਕ ਡਰਾਫ਼ਟ ਭੇਜਣ ਦਾ ਪਤਾ—

# 'ਸੂਰਾ' ਮੰਥਲੀ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org